SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.Switchinsurance.ca

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 14 | Monday, January 22, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਗੱਡੀਆਂ ਦੀ ਚੋਰੀ ਰੋਕਣ ਲਈ ਫੈਡਰਲ ਸਰਕਾਰ ਕਰਾਵੇਗੀ ਸਿਖ਼ਰ ਵਾਰਤਾ



ਓਟਵਾ, 21 ਜਨਵਰੀ (ਪੋਸਟ ਬਿਊਰੋ) : ਆਟੋ ਚੋਰੀ ਦੇ ਸਬੰਧ ਵਿੱਚ ਫੈਡਰਲ ਲਿਬਰਲਾਂ ਵੱਲੋਂ ਕੌਮੀ ਸਿਖ਼ਰ ਵਾਰਤਾ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਸਿਖ਼ਰ ਵਾਰਤਾ ਵਿੱਚ ਪ੍ਰੋਵਿੰਸਾਂ ਤੇ ਇੰਡਸਟਰੀ ਦੇ ਅਧਿਕਾਰੀਆਂ ਨੂੰ ਸੱਦ ਕੇ ਕਾਰਾਂ ਚੋਰੀ ਕਰਨ ਤੇ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਭੇਜਣ ਦੇ ਮਾਮਲਿਆਂ ਵਿੱਚ ਹੋਏ ਵਾਧੇ ਦੇ ਮੁੱਦੇ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਸਰਕਾਰ ਦਾ ਕਹਿਣਾ ਹੈ ਕਿ ਕਾਰਾਂ ਚੋਰੀ ਕਰਨ ਦੇ ਮਾਮਲਿਆਂ ਵਿੱਚ ਹੋਏ ਵਾਧੇ ਕਾਰਨ ਹੀ ਉਨ੍ਹਾਂ ਵੱਲੋਂ 8 ਫਰਵਰੀ ਨੂੰ ਇਹ ਸਿਖ਼ਰ ਵਾਰਤਾ ਰੱਖੀ ਗਈ ਹੈ ਤਾਂ ਕਿ ਕੈਨੇਡੀਅਨ ਸੜਕਾਂ ਤੋਂ ਕਾਰਾਂ ਚੋਰੀ ਕਰਕੇ ਮੁਨਾਫਾ ਕਮਾਉਣ ਵਰਗੇ ਇਸ ਸੰਗਠਿਤ ਜੁਰਮ ਨੂੰ ਰੋਕਿਆ ਜਾ ਸਕੇ। ਇੱਕ ਅੰਦਾਜ਼ੇ ਮੁਤਾਬਕ 2022 ਵਿੱਚ ਉਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਕਾਰਾਂ ਚੋਰੀ ਕਰਨ ਦੇ ਮਾਮਲਿਆਂ ਵਿੱਚ ਦੁੱਗਣਾ ਵਾਧਾ ਹੋਇਆ ਤੇ ਇਹੋ ਹਾਲ ਓਨਟਾਰੀਓ ਵਿੱਚ ਵੀ ਪਾਇਆ ਗਿਆ।

ਇੱਕ ਰਿਪੋਰਟ ਮੁਤਾਬਕ 2015 ਤੋਂ ਲੈ ਕੇ ਹੁਣ ਤੱਕ ਕਾਰਜੈਕਿੰਗ ਦੇ ਮਾਮਲਿਆਂ ਵਿੱਚ 300 ਫੀ ਸਦੀ ਦਾ ਵਾਧਾ ਦਰਜ ਕੀਤਾ ਜਾ ਚੁੱਕਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਗੈਂਗ ਕਾਰਾਂ ਚੋਰੀ ਕਰਦੇ ਹਨ ਤੇ ਫਿਰ ਸੰਗਠਿਤ ਗਰੁੱਪਜ਼ ਨਾਲ ਮਿਲ ਕੇ ਉਨ੍ਹਾਂ ਵਿੱਚ ਕਈ ਤਰ੍ਹਾਂ ਦੇ ਬਦਲਾਅ ਕਰਕੇ ਉਨ੍ਹਾਂ ਨੂੰ ਮੱਧ ਪੂਰਬ ਤੇ ਅਫਰੀਕਾ ਭੇਜ ਦਿੰਦੇ ਹਨ ਤੇ ਜਾਂ ਫਿਰ ਕੈਨੇਡਾ ਵਿੱਚ ਹੀ ਜੁਰਮ ਕਰਨ ਲਈ ਉਨ੍ਹਾਂ ਗੱਡੀਆਂ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਤਬਾਹ ਕਰ ਦਿੰਦੇ ਹਨ।

## ਫੈਡਰਲ ਲਿਬਰਲ ਕੈਬਨਿਟ ਰਟਰੀਟ ਵਿੱਚ ਇਕਨੌਮਿਕਸ ਤੇ ਅਫੋਰਡੇਬਿਲਿਟੀ ਹੋਵੇਗੀ ਮੁੱਖ ਏਜੰਡਾ



ਮਾਂਟਰੀਅਲ, 21 ਜਨਵਰੀ (ਪੋਸਟ ਬਿਊਰੋ) : ਫੈਡਰਲ ਲਿਬਰਲ ਕੈਬਨਿਟ ਰਟਰੀਟ ਮਾਂਟਰੀਅਲ ਵਿੱਚ ਸ਼ੁਰੂ ਹੋਣ ਜਾ ਰਹੀ ਹੈ। ਇਸ ਦੌਰਾਨ ਐਤਵਾਰ ਨੂੰ ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਆਉਣ ਵਾਲੇ ਸਾਲ ਵਿੱਚ ਫੈਡਰਲ ਸਰਕਾਰ ਦੀ ਮੁੱਖ ਤਰਜੀਹ ਨਵੇਂ ਇੰਟਰਨੈਸ਼ਨਲ ਗਰੌਸਰਜ਼ ਨੂੰ ਕੈਨੇਡਾ ਸੱਦ ਕੇ ਮੁਕਾਬਲੇਬਾਜ਼ੀ ਵਿੱਚ ਵਾਧਾ ਕਰਨਾ ਤੇ ਗਰੌਸਰੀ ਦੀਆਂ ਕੀਮਤਾਂ ਨੂੰ ਹੇਠਾਂ ਲਿਆਉਣਾ ਹੈ।

29 ਜਨਵਰੀ ਨੂੰ ਪਾਰਲੀਆਮੈਂਟ ਦੀ ਕਾਰਵਾਈ ਮੁੜ ਸ਼ੁਰੂ ਹੋਣ ਤੋਂ ਪਹਿਲਾਂ ਸਮੁੱਚਾ ਫੈਡਰਲ ਮੰਤਰੀ ਮੰਡਲ ਤਿੰਨ ਦਿਨਾਂ ਦੇ ਰਟਰੀਟ ਸਮਾਰੋਹ ਲਈ ਮਾਂਟਰੀਅਲ ਵਿੱਚ ਹੋਵੇਗਾ। ਅਗਲਾ ਫੈਡਰਲ ਬਜਟ ਇਨ੍ਹਾਂ ਸਿਆਲਾਂ ਦੇ ਅਖੀਰ ਵਿੱਚ ਆਉਣ ਦੀ ਸੰਭਾਵਨਾ ਹੈ।

ਕੈਨੇਡੀਅਨਜ਼ ਲਈ ਕੌਸਟ ਆਫ ਲਿਵਿੰਗ ਦਾ ਮੁੱਦਾ ਅਜੇ ਵੀ ਮੁੱਖ ਤਰਜੀਹ ਬਣਿਆ ਹੋਇਆ ਹੈ ਤੇ ਕਰਵਾਏ ਜਾ ਰਹੇ ਤਾਜ਼ਾ ਸਰਵੇਖਣਾਂ ਵਿੱਚ ਸਾਹਮਣੇ ਆਇਆ ਹੈ ਕਿ ਹਰ ਚੀਜ਼ ਦੀਆਂ ਵੱਧ ਰਹੀਆਂ ਕੀਮਤਾਂ ਨੂੰ ਨਕੇਲ ਪਾਉਣ ਵਿੱਚ ਲਿਬਰਲ ਸਰਕਾਰ ਦੇ ਅਸਫਲ ਰਹਿਣ ਕਾਰਨ ਕੈਨੇਡੀਅਨਜ਼ ਸਰਕਾਰ ਤੋਂ ਕਾਫੀ ਨਾਰਾਜ਼ ਹਨ। ਇਸ ਰਟਰੀਟ ਸਮਾਰੋਹ ਵਿੱਚ ਮੰਤਰੀ ਅਜਿਹੀਆਂ ਨੀਤੀਆਂ ਲਿਆਉਣ ਬਾਰੇ ਵਿਚਾਰ ਵਟਾਂਦਰਾ ਕਰਨਗੇ ਜਿਨ੍ਹਾਂ ਨਾਲ ਕੈਨੇਡੀਅਨਜ਼ ਨੂੰ ਮਹਿੰਗਾਈ ਤੋਂ ਰਾਹਤ ਮਿਲ ਸਕੇ।

ਫੂਡ ਦੀਆਂ ਕੀਮਤਾਂ ਇਸ ਵਾਰੀ ਚਰਚਾ ਦਾ ਮੁੱਦਾ ਹਨ। ਸ਼ੈਂਪੇਨ ਨੇ ਦੱਸਿਆ ਕਿ ਉਹ ਕੁੱਝ ਵਿਦੇਸ਼ੀ ਗਰੌਸਰਜ਼ ਨਾਲ ਗੱਲ ਕਰ ਰਹੇ ਹਨ,ਜਿਹੜੇ ਕੈਨੇਡਾ ਵੱਲੋਂ ਮੁਕਾਬਲੇਬਾਜ਼ੀ ਦੇ ਨਿਯਮਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਤੋਂ ਬਾਅਦ ਇੱਧਰ ਆਉਣ ਵਿੱਚ ਵਧੇਰੇ ਦਿਲਚਸਪੀ ਵਿਖਾ ਰਹੇ ਹਨ।ਤਾਜ਼ਾ ਚੋਣ ਸਰਵੇਖਣਾਂ ਵਿੱਚ ਕੰਜ਼ਰਵੇਟਿਵਾਂ ਹੱਥੋਂ ਮੂੰਹ ਦੀ ਖਾਣ ਤੋਂ ਬਾਅਦ ਲਿਬਰਲ ਰਟਰੀਟ ਸਮਾਰੋਹ ਵਿੱਚ ਹਿੱਸਾ ਲੈਣ ਜਾ ਰਹੇ ਹਨ। ਅਗਸਤ ਵਿੱਚ ਕੈਬਨਿਟ ਦੀ ਹੋਈ ਮੀਟਿੰਗ ਵਿੱਚ ਵੀ ਸਾਰਾ ਧਿਆਨ ਅਫੋਰਡੇਬਿਲਿਟੀ ਤੇ ਹਾਊਸਿੰਗ ਉੱਤੇ ਦਿੱਤਾ ਗਿਆ ਸੀ। ਪਰ ਫਿਰ ਵੀ ਲਿਬਰਲਾਂ ਦੀ ਸਾਖ਼ ਬਚਾਉਣ ਵਿੱਚ ਕੋਈ ਖਾਸ ਮਦਦ ਨਹੀਂ ਮਿਲ ਸਕੀ।

ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਅਨੀਤਾ ਆਨੰਦ ਦਾ ਕਹਿਣਾ ਹੈ ਕਿ ਇਸ ਸਮੇਂ ਸਰਕਾਰ ਚੋਣਾਂ ਵਿੱਚ ਆਪਣੀ ਸਥਿਤੀ ਨੂੰ ਲੈ ਕੇ ਫਿਕਰਮੰਦ ਨਹੀਂ ਹੈ। ਉਨ੍ਹਾਂ ਆਖਿਆ ਕਿ ਅਸੀਂ ਮਹਿੰਗਾਈ ਦੀ ਮਾਰ ਤੇ ਉੱਚੀਆਂ ਵਿਆਜ਼ ਦਰਾਂ ਤੋਂ ਕੈਨੇਡੀਅਨਜ਼ ਨੂੰ ਬਚਾਉਣ ਲਈ ਰਾਹ ਲੱਭਣ ਵਾਸਤੇ ਇੱਕਠੇ ਹੋਣ ਜਾ ਰਹੇ ਹਾਂ।




## ਅਮਰੀਕਾ ਨੇ ਹੂਤੀ ਬਾਗੀਆਂ ਦੀਆਂ ਤਿੰਨ ਐਂਟੀ ਸ਼ਿਪ ਮਿਜ਼ਾਈਲਾਂ ਕੀਤੀਆਂ ਨਸ਼ਟ

ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ): ਅਮਰੀਕਾ ਨੇ ਯਮਨ 'ਚ ਹੂਤੀ ਬਾਗੀਆਂ 'ਤੇ ਇਕ ਵਾਰ ਫਿਰ ਹਵਾਈ ਹਮਲੇ ਕੀਤੇ ਹਨ। ਅਮਰੀਕਾ ਦੇ ਤਾਜ਼ਾ ਹਮਲੇ ਵਿੱਚ ਲਾਲ ਸਾਗਰ ਵਿੱਚ ਹੂਤੀ ਸਮੂਹ ਦੀਆਂ ਤਿੰਨ ਐਂਟੀ-ਸ਼ਿਪ ਮਿਜ਼ਾਈਲਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਵਾਸ਼ਿੰਗਟਨ ਵਿਚ ਵ੍ਹਾਈਟ ਹਾਊਸ ਨੇ ਇਕ ਬਿਆਨ ਵਿਚ ਕਿਹਾ ਕਿ ਲਾਲ ਸਾਗਰ ਵਿਚ ਵਧਦੇ ਤਣਾਅ ਦੇ ਵਿਚਕਾਰ ਅਮਰੀਕੀ ਫੌਜ ਨੇ ਸਵੈ-ਰੱਖਿਆ ਵਿਚ ਜਵਾਬੀ ... ਬਾਕੀ ਸਫਾ 2 'ਤੇ

## ਗਾਜ਼ਾ ਯੁੱਧ 'ਚ ਹੁਣ ਤੱਕ ਮਾਰੇ ਗਏ ਹਜ਼ਾਰਾਂ ਬੱਚੇ ਅਤੇ ਔਰਤਾਂ

ਇਜ਼ਰਾਈਲ, 21 ਜਨਵਰੀ (ਪੋਸਟ ਬਿਊਰੋ): ਹਮਾਸ ਜੰਗ 'ਚ ਗਾਜ਼ਾ 'ਚ ਹੁਣ ਤੱਕ 23 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਗਾਜ਼ਾ ਵਿੱਚ ਮਾਰੇ ਗਏ ਬੱਚਿਆਂ ਅਤੇ ਔਰਤਾਂ ਦੇ ਸੰਯੁਕਤ ਰਾਸ਼ਟਰ ਦੁਆਰਾ ਜਾਰੀ ਕੀਤੇ ਗਏ ਅੰਕੜੇ ਜਾਣ ਕੇ ਤੁਹਾਡਾ ਦਿਲ ਦੰਗ ਰਹਿ ਜਾਵੇਗਾ। ਹਮਾਸ ਦੇ ਅੱਤਵਾਦੀਆਂ 'ਤੇ ਇਜ਼ਰਾਇਲੀ ਫੌਜ ਦੇ ਜਵਾਬੀ ਹਮਲੇ ਨੇ ਗਾਜ਼ਾ ਨੂੰ ਸ਼ਮਸ਼ਾਨਘਾਟ ਵਿੱਚ ਬਦਲ ਦਿੱਤਾ ਹੈ। ਇਸ ਹਮਲੇ 'ਚ ਹਮਾਸ ਦੇ ਅੱਤਵਾਦੀਆਂ ਦੇ ਨਾਲ-ਨਾਲ ਫਲਸਤੀਨੀ ਨਾਗਰਿਕਾਂ ਦੀ ਵੀ ਮੌਤ ਹੋਈ ਹੈ। ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਵਾਲੀ ਸੰਯੁਕਤ ਰਾਸ਼ਟਰ ਦੀ ਇਕ ਏਜੰਸੀ ਨੇ ਕਿਹਾ ਕਿ ਇਜ਼ਰਾਈਲ ਅਤੇ ਗਾਜ਼ਾ ਵਿਚਾਲੇ ਚੱਲ ਰਹੇ ਯੁੱਧ ਵਿਚ 16,000 ਔਰਤਾਂ ਅਤੇ ਬੱਚੇ ਮਾਰੇ ਗਏ ਹਨ। ਸੰਯੁਕਤ ਰਾਸ਼ਟਰ ਦਾ ਇਹ ਅੰਕੜਾ ਕਿਸੇ ਨੂੰ ਵੀ ਹੈਰਾਨ ਕਰ ਦੇਵੇਗਾ। ... ਬਾਕੀ ਸਫਾ 2 'ਤੇ

## ਯਾਤਰੀ ਵਲੋਂ ਲੰਡਨ ਤੋਂ ਟੋਰਾਂਟੋ ਆ ਰਹੀ ਫਲਾਈਟ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਇੰਗਲੈਂਡ ਤੋਂ ਟੋਰਾਂਟੋ ਆ ਰਹੀ ਫਲਾਈਟ ਦਾ ਐਮਰਜੰਸੀ ਡੋਰ ਖੋਲ੍ਹਣ ਦੀ ਕੋਸ਼ਿਸ਼ ਕਰਨ ਵਾਲੇ ਪੈਸੈਂਜਰ ਨੂੰ ਮਸ੍ਹਾਂ ਰੋਕਿਆ ਗਿਆ।

ਇੱਕ ਪੈਸੈਂਜਰ ਨੇ ਦੱਸਿਆ ਕਿ ਐਤਵਾਰ ਦੁਪਹਿਰ ਨੂੰ ਜਦੋਂ ਲੰਡਨ, ਇੰਗਲੈਂਡ ਤੋਂ ਏਅਰ ਕੈਨੇਡਾ ਦੀ ਫਲਾਈਟ ਨੇ ਟੋਰਾਂਟੋ ਜਾਣ ਲਈ ਉਡਾਨ ਭਰੀ ਤਾਂ ਉਸ ਦੇ ਨਾਲ ਦੇ ਇੱਕ ਯਾਤਰੀ ਨੇ ਅਜੀਬ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਸਾਰੀ ਉਡਾਨ ਵਿੱਚ ਹੀ ਉਸ ਪੈਸੈਂਜਰ ਦਾ ਵਿਵਹਾਰ ਅਜੀਬ ਰਿਹਾ ਤੇ ਜਦੋਂ ਜਹਾਜ਼ ਐਟਲਾਂਟਿਕ ਦੇ ਉੱਪਰੋਂ ਉਡਾਨ ਭਰ ਰਿਹਾ ਸੀ ਤਾਂ ਇਹ ਪੈਸੈਂਜਰ ਐਮਰਜੰਸੀ ਡੋਰ ਖੋਲ੍ਹਣ ਲਈ ਚਲਾ ਗਿਆ।ਹਰ ਕਿਸੇ ਨੂੰ ਸ਼ਾਂਤ ਰੱਖਣ ਲਈ ਪਾਇਲਟ ਤੇ ਸਟਾਫ ਨੇ ਸੱਭ ਨੂੰ ਆਪਣੀਆਂ ਸੀਟਾਂ ਉੱਤੇ ਬੈਠੇ ਰਹਿਣ ਲਈ ਆਖਿਆ।

ਏਅਰ ਕੈਨੇਡਾ ਦੇ ਬੁਲਾਰੇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਲੰਡਨ ਹੀਥਰੋ ਏਅਰਪੋਰਟ ਤੋਂ ਟੋਰਾਂਟੋ ਆਉਣ ਵਾਲੇ ਜਹਾਜ਼ ਵਿੱਚ ਇੱਕ ਪੈਸੈਂਜਰ ਵੱਲੋਂ ਪਰੇਸ਼ਾਨ ਕੀਤਾ ਗਿਆ ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ।ਜਹਾਜ਼ ਆਪਣੇ ਨਿਰਧਾਰਤ ਸਮੇਂ ਉੱਤੇ ਟੋਰਾਂਟੋ ਪਹੁੰਚਿਆ। ਬਾਅਦ ਵਿੱਚ ਕਾਂਸਟੇਬਲ ਟਾਇਲਰ ਬੈੱਲ ਮਰੇਨਾ ਨੇ ਆਖਿਆ ਕਿ ਪੈਸੈਂਜਰ ਇੱਕ ਬਜ਼ੁਰਗ ਵਿਅਕਤੀ ਸੀ ਤੇ ਉਹ ਥੋੜ੍ਹਾ ਬੌਂਦਲਾ ਗਿਆ ਸੀ। ਉਸ ਦੀ ਹਰਕਤ ਜਾਣਬੁੱਝ ਕੇ ਕੀਤੀ ਹੋਈ ਨਹੀਂ ਸੀ। ਕਿਸੇ ਤਰ੍ਹਾਂ ਦੇ ਮੁਜਰਮਾਨਾ ਚਾਰਜਿਜ਼ ਨਹੀਂ ਲਾਏ ਗਏ ਹਨ।

## ਪ੍ਰਾਣ ਪ੍ਰਤਿਸ਼ਠਾ ਦੇ ਚਲਦੇ ਅਯੁੱਧਿਆ ਦੀਆਂ ਸਰਹੱਦਾਂ ਸੀਲ, ਲਖਨਊ 'ਚ ਧਾਰਾ 144 ਲਾਗੂ

ਅਯੁੱਧਿਆ, 21 ਜਨਵਰੀ (ਪੋਸਟ ਬਿਊਰੋ): ਰਾਮ ਮੰਦਰ ਵਿੱਚ 22 ਜਨਵਰੀ ਨੂੰ ਰਾਮਲੱਲਾ ਦੀ ਮੂਰਤੀ ਦੇ ਪਵਿੱਤਰ ਸਮਾਰੋਹ ਲਈ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਸਮੁੱਚੀ ਅਯੁੱਧਿਆ ਇੱਕ ਅਦੁੱਤੀ ਕਿਲ੍ਹੇ ਦੇ ਰੂਪ ਵਿੱਚ ਦਿਖਾਈ ਦੇਵੇਗੀ। ਇਸ ਦੇ ਨਾਲ ਹੀ ਲਖਨਊ ਵਿੱਚ ਧਾਰਾ 144 ਵੀ ਲਾਗੂ ਕਰ ਦਿੱਤੀ ਗਈ ਹੈ। ਅਯੁੱਧਿਆ ਦੇ ਵਿਸ਼ਾਲ ਰਾਮ ਮੰਦਰ ਨੂੰ ਰਾਮ ਲੱਲਾ ਦੇ ਪਵਿੱਤਰ ਪ੍ਰਕਾਸ਼ ਪੁਰਬ ਦੌਰਾਨ ਪਰਿਸਰ ਅਤੇ ਦਰਸ਼ਕਾਂ ਦੀ ਉੱਚ ਪੱਧਰੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਖ਼ਤ ਸੁਰੱਖਿਆ ਨਾਲ ਕਵਰ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਸਰਕਾਰ ਦੇ ਵਿਸ਼ੇਸ਼ ਸੁਰੱਖਿਆ ਬਲ ਵੱਲੋਂ ਤਿੰਨ-ਪੱਧਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਕੇਂਦਰੀ ਰਿਜ਼ਰਵ ਪੁਲਿਸ ਬਲ ਅਤੇ ਟੈਰੀਟੋਰੀਅਲ ਆਰਮਡ ਕਾਂਸਟੇਬੁਲਰੀ (ਪੀਏਸੀ) ਨੂੰ ਮੰਦਰ ਦੀ ਸੁਰੱਖਿਆ ਲਈ ਤਾਇਨਾਤ ਕੀਤਾ ਗਿਆ ਹੈ।

20 ਜਨਵਰੀ ਤੋਂ ਰਾਤ 8 ਵਜੇ ਤੋਂ ਅਯੁੱਧਿਆ ਦੀਆਂ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ ਹਨ। ਕੋਈ ਵੀ ਵਾਹਨ ਬਿਨਾਂ ਇਜਾਜ਼ਤ ਅਯੁੱਧਿਆ ਦੀ ਸੀਮਾ 'ਚ ਨਹੀਂ ਜਾ ਸਕੇਗਾ। ਸਿਰਫ਼ ਸੱਦੇ ਗਏ ਮਹਿਮਾਨਾਂ ਅਤੇ ਮੀਡੀਆ ਕਰਮੀਆਂ ਨੂੰ ਹੀ ਪਾਸ ਜਾਰੀ ਕੀਤੇ ਜਾਣ ਦੀ ਇਜਾਜ਼ਤ ਹੋਵੇਗੀ, ਮੀਡੀਆ ਕਰਮਚਾਰੀ ਅਯੁੱਧਿਆ ਧਾਮ ਵਿੱਚ ਚਾਰ



ਪਹੀਆ ਵਾਹਨਾਂ ਵਿੱਚ ਨਹੀਂ ਜਾ ਸਕਣਗੇ। ਮੀਡੀਆ ਕਰਮੀਆਂ ਨੂੰ ਆਪਣੇ ਵਾਹਨ ਫਟਕ ਸ਼ੀਲਾ ਪਾਰਕਿੰਗ ਵਿੱਚ ਹੀ ਪਾਰਕ ਕਰਨੇ ਪੈਣਗੇ। ਮੀਡੀਆ ਕਰਮਚਾਰੀ ਕੇਵਲ ਰਾਮ ਕਥਾ ਅਜਾਇਬ ਘਰ ਅਤੇ ਰਾਮ ਕੀ ਪੀੜੀ ਵਿਖੇ ਹੀ ਰਿਪੋਰਟਿੰਗ ਕਰ ਸਕਣਗੇ।

ਲਖਨਊ ਦੇ ਡੀਐਮ ਨੇ ਹੁਕਮ ਦਿੱਤਾ ਹੈ ਕਿ ਜਾਨ ਦੀ ਸੁਰੱਖਿਆ ਦੇ ਮੱਦੇਨਜ਼ਰ ਵੱਡਾ ਇਮਾਮਬਾੜਾ ਬੰਦ ਰਹੇਗਾ। ਹੁਸੈਨਾਬਾਦ ਟਰੱਸਟ ਨੇ ਸੈਲਾਨੀਆਂ ਲਈ ਬੰਦ ਕਰਨ ਦਾ ਹੁਕਮ ਦਿੱਤਾ ਹੈ। ਲਖਨਊ ਜ਼ਿਲ੍ਹਾ ਮੈਜਿਸਟਰੇਟ ਹੁਸੈਨਾਬਾਦ ਟਰੱਸਟ ਦੇ ਚੇਅਰਮੈਨ ਹਨ। ਵੱਡਾ ਇਮਾਮਬਾੜਾ ਅਤੇ ਛੋਟਾ ਇਮਾਮਬਾੜਾ 22 ਜਨਵਰੀ ਨੂੰ ਬੰਦ ਰਹੇਗਾ। ਇਸ ਦੇ ਨਾਲ ਹੀ ਮੇਜ਼ ਅਤੇ ਪਿਕਚਰ ਆਰਟ ਗੈਲਰੀ ਨੂੰ ਵੀ ਬੰਦ ਰੱਖਣ ਦੇ ਆਦੇਸ਼ ਦਿੱਤੇ ਗਏ ਹਨ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
647-998-7500 ਬਲਵਿੰਦਰ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

MagGas Medical Brampton
MGM MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਈਰਾਨ ਤੇ ਪਾਕਿਸਤਾਨ ਵਿਚਾਲੇ ਵਿਵਾਦ ਚਿੰਤਾਜਨਕ: ਬਾਈਡਨ

* ਸਥਿਤੀ ਸੁਧਾਰਨ ਲਈ ਕਰ ਰਹੇ ਹਾਂ ਕੰਮ

ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ): ਪਾਕਿਸਤਾਨ ਨੇ ਵੀ ਈਰਾਨ ਦੇ ਹਵਾਈ ਹਮਲੇ ਦਾ ਜਵਾਬ ਹਵਾਈ ਹਮਲੇ ਨਾਲ ਦਿੱਤਾ ਹੈ। ਪਾਕਿਸਤਾਨ ਦੇ ਹਵਾਈ ਹਮਲੇ ਵਿੱਚ ਕੁੱਲ 9 ਲੋਕਾਂ ਦੀ ਮੌਤ ਹੋ ਗਈ ਹੈ। ਹਾਲਾਂਕਿ ਕਿਹਾ ਜਾ ਰਿਹਾ ਹੈ ਕਿ ਇਹ ਸਾਰੇ ਈਰਾਨੀ ਨਹੀਂ ਸਨ। ਪਾਕਿ-ਸਤਾਨ ਮੁਤਾਬਕ ਈਰਾਨ 'ਤੇ ਹਮਲਾ ਕਰਨ ਵਾਲੇ ਅੱਤਵਾਦੀ ਸਮੂਹ ਦਾ ਸਬੰਧ ਪਾਕਿਸਤਾਨੀ ਮੂਲ ਦੇ ਸਰਮਾਚਾਰ ਸਮੂਹ ਨਾਲ ਸੀ। ਇਸ ਜਵਾਬੀ ਹਮਲੇ ਤੋਂ ਬਾਅਦ ਈਰਾਨ ਅਤੇ ਪਾਕਿਸਤਾਨ ਵਿਚਾਲੇ ਤਣਾਅ ਹੋਰ ਵਧ ਗਿਆ ਹੈ। ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਵੀ ਦੋਹਾਂ ਦੇ ਰਿਸ਼ਤਿਆਂ 'ਚ ਆਈ ਦਰਾਰ 'ਤੇ ਆਪਣਾ ਸਟੈਂਡ ਜਾਰੀ ਕੀਤਾ ਹੈ। ਬਾਈਡਨ ਨੇ ਵੀਰਵਾਰ ਨੂੰ ਕਿਹਾ ਕਿ ਪਾਕਿਸਤਾਨ ਅਤੇ ਈਰਾਨ ਦੁਆਰਾ ਇੱਕ ਦੂਜੇ ਦੇ ਖੇਤਰ 'ਤੇ ਹਵਾਈ ਹਮਲੇ ਦਰਸਾਉਂਦੇ ਹਨ ਕਿ ਵਧਦੇ ਤਣਾਅ ਵਾਲੇ ਖੇਤਰ ਵਿੱਚ ਤਹਿਰਾਨ ਨੂੰ "ਪਸੰਦ" ਨਹੀਂ ਕੀਤਾ ਜਾ ਰਿਹਾ ਹੈ।

ਬਿਡੇਨ ਨੇ ਵ੍ਹਾਈਟ ਹਾਊਸ 'ਚ ਪੱਤਰਕਾਰਾਂ ਨੂੰ ਕਿਹਾ, "ਜਿਵੇਂ ਕਿ ਤੁਸੀਂ ਦੇਖ ਸਕਦੇ ਹੋ, ਖੇਤਰ 'ਚ ਈਰਾਨ ਖਾਸ ਤੌਰ 'ਤੇ ਪਸੰਦ ਨਹੀਂ ਹੈ।" ਅਸੀਂ ਇਹ ਸਮਝਣ ਲਈ ਕੰਮ ਕਰ ਰਹੇ ਹਾਂ ਕਿ ਸਥਿਤੀ ਕਿਵੇਂ ਸੁਧਰ ਸਕਦੀ ਹੈ।" ਪਰ ਫਿਲਹਾਲ ਇਹ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਸਭ ਤੋਂ ਪਹਿਲਾਂ ਮੰਗਲਵਾਰ ਨੂੰ ਈਰਾਨ ਨੇ ਪਾਕਿਸਤਾਨ 'ਤੇ ਹਵਾਈ ਹਮਲਾ ਕੀਤਾ। ਪਾਕਿਸਤਾਨ ਨੇ ਵੀਰਵਾਰ ਨੂੰ ਇਸ ਦਾ ਜਵਾਬ ਦਿੱਤਾ। ਈਰਾਨ ਦੇ ਹਵਾਈ ਹਮਲੇ ਦੇ ਬਦਲੇ 'ਚ ਪਾਕਿਸਤਾਨ ਨੇ ਵੀ ਵੀਰਵਾਰ ਨੂੰ ਸਰਹੱਦ ਪਾਰ ਤੋਂ ਹਮਲਾ ਕੀਤਾ। ਜਿਸ 'ਚ 4 ਬੱਚਿਆਂ ਸਮੇਤ ਕੁੱਲ 9 ਲੋਕ ਮਾਰੇ ਗਏ। ਇਸ ਦੇ ਨਾਲ ਹੀ ਪਾਕਿਸਤਾਨ ਨੇ ਕਿਹਾ ਸੀ ਕਿ ਈਰਾਨ ਦੇ ਹਵਾਈ ਹਮਲੇ 'ਚ ਕੁੱਲ 2 ਬੱਚੇ ਮਾਰੇ ਗਏ ਹਨ। ਪਾਕਿਸਤਾਨ ਨੇ ਕਿਹਾ ਸੀ ਕਿ ਈਰਾਨ ਦਾ ਹਵਾਈ ਹਮਲਾ ਉਸ ਦੇ ਹਵਾਈ ਖੇਤਰ ਦੀ ਉਲੰਘਣਾ ਅਤੇ ਅੰਤਰਰਾਸ਼ਟਰੀ ਨਿਯਮਾਂ ਦੇ ਖਿਲਾਫ ਹੈ ਅਤੇ ਬਦਲਾ ਲੈਣ ਦੀ ਗੱਲ ਕਹੀ ਸੀ।

# ਠਾਣੇ ਵਿੱਚ ਬਿਲਡਰ ਦੇ ਕਤਲ ਮਾਮਲੇ ਵਿੱਚ ਚਾਰ ਲੋਕਾਂ ਨੂੰ ਉਮਰ ਕੈਦ

ਠਾਣੇ, 21 ਜਨਵਰੀ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਠਾਣੇ ਜ਼ਿਲੇ ਦੀ ਇਕ ਅਦਾਲਤ ਨੇ 2015 'ਚ ਇਕ ਬਿਲਡਰ ਦੀ ਹੱਤਿਆ ਦੇ ਮਾਮਲੇ 'ਚ ਚਾਰ ਲੋਕਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਕਲਿਆਣ ਜ਼ਿਲ੍ਹਾ ਜੱਜ ਅਤੇ ਵਧੀਕ ਸੈਸ਼ਨ ਜੱਜ ਪੀ ਆਰ ਅਸ਼ਟੁਰਕਰ ਨੇ ਦਿੱਤੇ ਇੱਕ ਹੁਕਮ ਵਿੱਚ ਚਾਰ ਲੋਕਾਂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ), 120ਬੀ (ਅਪਰਾਧਿਕ ਸਾਜ਼ਿਸ਼) ਅਤੇ 201 (ਸਬੂਤ ਨੂੰ ਨਸ਼ਟ ਕਰਨ) ਸਮੇਤ ਵੱਖ-ਵੱਖ ਅਪਰਾਧਾਂ ਲਈ ਦੋਸ਼ੀ ਠਹਿਰਾਇਆ।

ਇਸਤਗਾਸਾ ਦੇ ਅਨੁਸਾਰ, ਇੱਥੋਂ ਦੇ ਡੋਂਬੀਵਾਲੀ ਸ਼ਹਿਰ ਦੇ ਪਿੰਡ ਦਾਵੜੀ ਦੇ ਬਿਲਡਰ ਗਣੇਸ਼ ਮਾਨਿਆ ਚਵਾਨ (36) ਨੇ ਇੱਕ ਦੋਸ਼ੀ ਸੰਤੋਸ਼ ਚਵਾਨ ਨੂੰ 2 ਲੱਖ ਰੁਪਏ ਉਧਾਰ ਦਿੱਤੇ ਸਨ ਅਤੇ ਉਹ ਕਰਜ਼ਾ ਮੋੜਨ ਤੋਂ ਬਚ ਰਿਹਾ ਸੀ। 26 ਸਤੰਬਰ 2015 ਨੂੰ ਦਾਵੜੀ ਪਿੰਡ ਦੇ ਇਕ ਹਸਪਤਾਲ ਨੇੜੇ ਬਿਲਡਰ ਆਪਣੇ ਦੋਸਤਾਂ ਨਾਲ ਗੱਲ ਕਰ ਰਿਹਾ ਸੀ ਜਦੋਂ ਸੰਤੋਸ਼ ਅਤੇ ਹੋਰਾਂ ਨੇ ਉਸ 'ਤੇ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਮਾਮਲੇ 'ਚ ਕੁੱਲ 7 ਲੋਕਾਂ ਨੂੰ ਮੁਲਜ਼ਮ ਬਣਾਇਆ ਗਿਆ ਸੀ। ਅਦਾਲਤ ਨੇ ਦੋ ਭਰਾਵਾਂ ਸੰਤੋਸ਼ ਭੀਮਸਿੰਘ ਚਵਾਨ (34), ਕੁਮਾਰ ਭੀਮਸਿੰਘ ਚਵਾਨ (42), ਰਮੇਸ਼ ਉਰਫ ਦੱਤੂ ਗੋਪਾਲ ਪਵਾਰ (40) ਅਤੇ ਸਵਪਨਿਲ ਉੱਤਮ ਪਡਵਾਲ (32) ਸਮੇਤ ਚਾਰ ਨੂੰ ਦੋਸ਼ੀ ਕਰਾਰ ਦਿੱਤਾ। ਅਦਾਲਤ ਨੇ ਇਨ੍ਹਾਂ ਸਾਰਿਆਂ 'ਤੇ 14,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ।

# ਗਾਜ਼ਾ ਯੁੱਧ 'ਚ ਹੁਣ ਤੱਕ ਮਾਰੇ ਗਏ ਹਜ਼ਾਰਾਂ ਬੱਚੇ ਅਤੇ ਔਰਤਾਂ, ਸੰਯੁਕਤ ਰਾਸ਼ਟਰ ਨੇ ਜਾਰੀ ਕੀਤਾ ਅੰਕੜਾ



ਸਫਾ 1 ਦਾ ਬਾਕੀ

ਔਰਤਾਂ ਲਈ ਕੰਮ ਕਰਨ ਵਾਲੀ ਏਜੰਸੀ ਸੰਯੁਕਤ ਰਾਸ਼ਟਰ ਵੂਮੈਨ (ਯੂਐਨ ਵੂਮੈਨ) ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ ਕਿ ਅੰਦਾਜ਼ਾ ਹੈ ਕਿ ਹਰ ਘੰਟੇ ਦੋ ਮਾਵਾਂ ਦੀ ਮੌਤ ਹੋ ਰਹੀ ਹੈ। ਯੂਐਨ ਵੂਮੈਨ ਨੇ ਕਿਹਾ ਕਿ 100 ਦਿਨਾਂ ਤੋਂ ਵੱਧ ਸੰਘਰਸ਼ ਕਾਰਨ ਘੱਟੋ-ਘੱਟ 3,000 ਔਰਤਾਂ ਆਪਣੇ ਪਤੀ ਗੁਆ ਚੁੱਕੀਆਂ ਹਨ ਅਤੇ ਘੱਟੋ-ਘੱਟ 10,000 ਬੱਚਿਆਂ ਨੇ ਆਪਣੇ ਪਿਤਾ ਗੁਆ ਦਿੱਤੇ ਹਨ।

# ਅਮਰੀਕਾ ਨੇ ਯਮਨ ਵਿੱਚ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਕੀਤਾ ਹਮਲਾ, ਤਿੰਨ ਐਂਟੀ ਸ਼ਿਪ ਮਿਜ਼ਾਈਲਾਂ ਕੀਤੀਆਂ ਨਸ਼ਟ



ਸਫਾ 1 ਦਾ ਬਾਕੀ

ਕਾਰਵਾਈ ਕੀਤੀ। ਬਿਆਨ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਫੌਜ ਨੇ ਯਮਨ ਵਿਚ ਹੂਤੀ ਟਿਕਾਣਿਆਂ 'ਤੇ ਤਿੰਨ ਸਫਲ ਹਮਲੇ ਕੀਤੇ।

ਯੂਐਸ ਸੈਂਟਰਲ ਕਮਾਂਡ ਨੇ ਕਿਹਾ ਕਿ ਹਮਲਾ ਸ਼ੁੱਕਰਵਾਰ ਸ਼ਾਮ 6:45 ਵਜੇ ਦੇ ਕਰੀਬ ਕੀਤਾ ਗਿਆ, ਜਦੋਂ ਐਂਟੀ-ਸ਼ਿਪ ਮਿਜ਼ਾਈਲਾਂ ਨੇ ਖੇਤਰ ਵਿੱਚ ਵਪਾਰੀ ਜਹਾਜ਼ਾਂ ਅਤੇ ਅਮਰੀਕੀ ਜਲ ਸੈਨਾ ਦੇ ਜਹਾਜ਼ਾਂ ਨੂੰ ਖਤਰਾ ਪੈਦਾ ਕੀਤਾ। ਯੂਐਸ ਸੈਂਟਰਲ ਕਮਾਂਡ ਨੇ ਟਵਿੱਟਰ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਸਮੁੰਦਰੀ ਜਹਾਜ਼ਾਂ 'ਤੇ ਹਮਲੇ ਨੂੰ ਰੋਕਣ ਅਤੇ ਸਮੁੰਦਰੀ ਜਹਾਜ਼ਾਂ ਦੀ ਸੁਰੱਖਿਆ ਲਈ ਜਾਰੀ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਲਾਲ ਸਾਗਰ ਵਿੱਚ ਅਮਰੀਕੀ ਜਲ ਸੈਨਾ ਦੇ ਜਹਾਜ਼ ਮੌਜੂਦ ਹਨ। 19 ਜਨਵਰੀ ਨੂੰ, ਲਗਭਗ ਸ਼ਾਮ 6:45 ਵਜੇ ਯੂਐਸ ਸੈਂਟਰਲ ਕਮਾਂਡ ਬਲਾਂ ਨੇ ਤਿੰਨ ਹੂਤੀ ਐਂਟੀ-ਸ਼ਿਪ ਮਿਜ਼ਾਈਲਾਂ 'ਤੇ ਹਮਲਾ ਕੀਤਾ ਅਤੇ ਨਸ਼ਟ ਕਰ ਦਿੱਤਾ, ਜੋ ਲਾਂਚ ਕਰਨ ਲਈ ਤਿਆਰ ਸਨ।

# ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਮੌਕੇ ਗੋਆ 'ਚ ਬੰਦ ਰਹਿਣਗੇ ਸਾਰੇ ਕੈਸੀਨੋ, ਅੱਠ ਘੰਟੇ ਨਹੀਂ ਹੋਵੇਗਾ ਕਾਰੋਬਾਰ

ਪਣਜੀ, 21 ਜਨਵਰੀ (ਪੋਸਟ ਬਿਊਰੋ): ਅਯੁੱਧਿਆ ਵਿੱਚ ਵਿਸ਼ਾਲ ਰਾਮ ਮੰਦਿਰ ਦਾ ਨਿਰਮਾਣ ਆਪਣੇ ਅੰਤਿਮ ਪੜਾਅ ਵਿੱਚ ਹੈ। 22 ਜਨਵਰੀ ਨੂੰ, ਅਯੁੱਧਿਆ ਵਿੱਚ ਸ਼੍ਰੀ ਰਾਮ ਜਨਮ ਭੂਮੀ ਸਥਾਨ 'ਤੇ ਮੰਦਰ ਦਾ ਉਦਘਾਟਨ ਕੀਤਾ ਜਾਵੇਗਾ ਅਤੇ ਪ੍ਰਾਣ ਪ੍ਰਤਿਸ਼ਠਾ ਕੀਤੀ ਜਾਵੇਗੀ। ਪਰ ਅਯੁੱਧਿਆ ਵਿੱਚ ਵਿਸ਼ਾਲ ਰਾਮ ਮੰਦਰ ਬਣਾਉਣ ਦਾ ਸਫ਼ਰ ਬਿਲਕੁਲ ਵੀ ਆਸਾਨ ਨਹੀਂ ਸੀ। ਲੰਬੀ ਲੜਾਈ ਤੋਂ ਬਾਅਦ ਆਖਿਰਕਾਰ ਸ਼ਰਧਾਲੂਆਂ ਨੂੰ ਆਪਣਾ ਰਾਮ ਮੰਦਰ ਮਿਲ ਰਿਹਾ ਹੈ। ਅਜਿਹੇ 'ਚ ਕੁਝ ਸੂਬਿਆਂ ਨੇ ਡਰਾਈ ਡੇਅ ਦਾ ਐਲਾਨ ਕੀਤਾ ਹੈ ਅਤੇ ਕੁਝ ਨੇ ਸਿੱਖਿਆ ਸੰਸਥਾਵਾਂ 'ਚ ਛੁੱਟੀ ਦਾ ਐਲਾਨ ਕੀਤਾ ਹੈ। ਇਸੇ ਲੜੀ ਤਹਿਤ ਗੋਆ ਦੇ ਸਾਰੇ ਕੈਸੀਨੋ ਅੱਠ ਘੰਟੇ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।



ਮੈਜੇਸਟਿਕ ਪ੍ਰਾਈਡ ਗਰੁੱਪ ਦੇ ਡਾਇਰੈਕਟਰ ਸ਼੍ਰੀਨਿਵਾਸ ਨਾਇਕ ਨੇ ਕਿਹਾ ਕਿ ਅਯੁੱਧਿਆ 'ਚ ਰਾਮ ਮੰਦਰ ਦੀ ਪਵਿੱਤਰਤਾ ਦੇ ਸਨਮਾਨ 'ਚ ਗੋਆ 'ਚ ਸਾਰੇ ਕੈਸੀਨੋ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਕੈਸੀਨੋ ਸੋਮਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਬੰਦ ਰਹਿਣਗੇ। ਉਨ੍ਹਾਂ ਕਿਹਾ, 'ਜਦੋਂ ਹਰ ਕੋਈ ਆਪਣੇ ਕਾਰੋਬਾਰਾਂ ਤੋਂ ਇੱਕ ਦਿਨ ਦੀ ਛੁੱਟੀ ਲੈ ਰਿਹਾ ਹੈ, ਤਾਂ ਅਸੀਂ ਜੀਵਨ ਭਰ ਦੇ ਸਮਾਗਮ ਵਿੱਚ ਇੱਕ ਵਾਰ ਇਸ ਵਿੱਚ ਹਿੱਸਾ ਲੈਣ ਲਈ ਅਜਿਹਾ ਕਿਉਂ ਨਹੀਂ ਕਰਦੇ ਹਾਂ। ਇਸ ਲਈ ਅਸੀਂ ਫੈਸਲਾ ਕੀਤਾ ਕਿ ਕੈਸੀਨੋ ਕੁਝ ਘੰਟਿਆਂ ਲਈ ਬੰਦ ਰਹੇਗਾ। ਤੁਹਾਨੂੰ ਦੱਸ ਦੇਈਏ ਕਿ ਗੋਆ ਸਰਕਾਰ ਨੇ ਉੱਤਰ ਪ੍ਰਦੇਸ਼ ਦੇ ਅਯੁੱਧਿਆ ਸ਼ਹਿਰ ਵਿੱਚ ਰਾਮ ਮੰਦਰ ਦੇ ਪਵਿੱਤਰ ਸਮਾਰੋਹ ਦੇ ਮੌਕੇ 'ਤੇ ਸਾਰੇ ਸਰਕਾਰੀ, ਅਰਧ-ਸਰਕਾਰੀ ਅਤੇ ਖੁਦਮੁਖਤਿਆਰ ਸੰਸਥਾਵਾਂ ਲਈ ਸੋਮਵਾਰ ਨੂੰ ਛੁੱਟੀ ਦਾ ਐਲਾਨ ਕੀਤਾ ਹੋਇਆ ਹੈ।

# ਚੀਨ ਦੇ ਸਕੂਲ ਦੇ ਹੋਸਟਲ ਵਿੱਚ ਲੱਗੀ ਭਿਆਨਕ ਅੱਗ, 13 ਬੱਚਿਆਂ ਦੀ ਮੌਤ

ਬੀਜਿੰਗ, 21 ਜਨਵਰੀ (ਪੋਸਟ ਬਿਊਰੋ): ਚੀਨ ਤੋਂ ਇੱਕ ਬੁਰੀ ਖਬਰ ਸਾਹਮਣੇ ਆਈ ਹੈ। ਕੇਂਦਰੀ ਹੇਨਾਨ ਸੂਬੇ ਵਿੱਚ ਇੱਥੇ ਇੱਕ ਸਕੂਲ ਦੇ ਹੋਸਟਲ ਵਿੱਚ ਅੱਗ ਲੱਗਣ ਕਾਰਨ ਕਰੀਬ 13 ਬੱਚਿਆਂ ਦੀ ਮੌਤ ਹੋ ਗਈ।



ਇਕ ਖਬਰ ਮੁਤਾਬਕ ਹੇਨਾਨ ਦੇ ਯਾਨਸ਼ਾਨਪੂ ਪਿੰਡ 'ਚ ਸਥਿਤ ਯਿੰਗਕਾਈ ਸਕੂਲ 'ਚ ਸ਼ੁੱਕਰਵਾਰ ਨੂੰ ਸਥਾਨਕ ਸਮੇਂ ਮੁਤਾਬਕ ਰਾਤ 11 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ 11:38 ਵਜੇ ਅੱਗ 'ਤੇ ਕਾਬੂ ਪਾਇਆ।

ਇਕ ਅਧਿਆਪਕ ਨੇ ਦੱਸਿਆ ਕਿ ਮਾਰੇ ਗਏ ਸਾਰੇ ਬੱਚੇ ਤੀਜੀ ਜਮਾਤ ਦੇ ਵਿਦਿਆਰਥੀ ਸਨ। ਇਸ ਦੇ ਨਾਲ ਹੀ ਘਟਨਾ ਵਾਲੀ ਥਾਂ ਤੋਂ ਬਚਾਏ ਗਏ ਇੱਕ ਵਿਅਕਤੀ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਇਕ ਹੋਰ ਰਿਪੋਰਟ ਮੁਤਾਬਕ ਨਾਨਯਾਂਗ ਸ਼ਹਿਰ ਦੇ ਨੇੜੇ ਸਥਿਤ ਸਕੂਲ ਦੇ ਮੈਨੇਜਰ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਛਾਣ ਅਤੇ ਅੱਗ ਲੱਗਣ ਦੇ ਕਾਰਨਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਹੈ।















# ਈ ਆਟੋ ਚਾਲਕਾਂ ਲਈ ਵੱਡੀ ਖਬਰ, ਸ਼ਹਿਰ ਨੂੰ ਜਨਵਰੀ, 2024 ਦੇ ਅੰਤ ਤੱਕ 19 ਈਵੀ ਚਾਰਜਿੰਗ ਸਟੇਸ਼ਨ ਮਿਲਣਗੇ: ਸੀਈਓ ਅੰਮ੍ਰਿਤਸਰ ਸਮਾਰਟ ਸਿਟੀ

ਅੰਮ੍ਰਿਤਸਰ, 21 ਜਨਵਰੀ (ਪੋਸਟ ਬਿਊਰੋ): ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਸੀ।ਈ।ਓ। ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਸ੍ਰੀ ਘਨਸ਼ਾਮ ਥੋਰੀ ਨੇ ਦੱਸਿਆ ਕਿ ਈ ਆਟੋ ਡਰਾਈਵਰਾਂ ਲਈ ਇੱਕ ਵੱਡੀ ਖਬਰ ਹੈ ਕਿਉਂਕਿ ਸ਼ਹਿਰ ਵਿੱਚ 19 ਈਵੀ ਚਾਰਜਿੰਗ ਸਟੇਸ਼ਨ ਜਨਵਰੀ 2024 ਦੇ ਅੰਤ ਤੱਕ ਕੰਮ ਕਰਨਾ ਸ਼ੁਰੂ ਕਰ ਦੇਣਗੇ।

ਇਸ ਸਬੰਧੀ ਅੱਜ ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਪੰਜਾਬ ਸ੍ਰੀ ਅਜੋਏ ਸ਼ਰਮਾ ਦੀ ਪ੍ਰਧਾਨਗੀ ਹੇਠ ਰਾਹੀ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵੀਡਿਓ ਕਾਨਫਰੰਸਿੰਗ ਰਾਹੀਂ ਹੋਈ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਸੀ।ਈ।ਓ। ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਸ਼। ਘਨਸ਼ਿਆਮ ਥੋਰੀ, ਸੰਯੁਕਤ ਕਮਿਸ਼ਨਰ ਨਗਰ ਨਿਗਮ ਅੰਮ੍ਰਿਤਸਰ ਅਤੇ ਪ੍ਰੋਜੈਕਟ ਇੰਚਾਰਜ ਰਾਹੀ ਪ੍ਰੋਜੈਕਟ ਸ: ਹਰਦੀਪ ਸਿੰਘ, ਸਕੱਤਰ ਆਰ।ਟੀ।ਏ ਸ: ਅਰਸ਼ਦੀਪ ਸਿੰਘ



ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਘਨਸ਼ਾਮ ਥੋਰੀ ਅਤੇ ਸੀਈਓ ਅੰਮ੍ਰਿਤਸਰ ਸਮਾਰਟ ਸਿਟੀ ਲਿਮਟਿਡ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

ਲੁਬਾਣਾ ਹਾਜ਼ਰ ਸਨ। ਮੀਟਿੰਗ ਵਿੱਚ ਸ੍ਰੀ ਥੋਰੀ ਨੇ ਦੱਸਿਆ ਕਿ ਕੰਪਨੀ ਬਾਗ ਪਾਰਕਿੰਗ, ਰੇਲਵੇ ਸਟੇਸ਼ਨ ਚੁੰਗੀ, ਕੋਟ ਖਾਲਸਾ ਟਿਊਬਵੈੱਲ, ਜ਼ੋਨ ਨੰਬਰ 8 ਛੇਹਰਟਾ, ਰਾਮ ਤਲਾਈ ਚੌਕ, ਗੁਰੂ ਨਾਨਕ ਭਵਨ ਪਾਰਕਿੰਗ, ਬੱਸ ਸਟੈਂਡ ਦੇ ਅੰਦਰ, ਬੁਲਾਰੀਆ ਪਾਰਕ, ਗੁਰੂ ਨਾਨਕ ਮਾਰਕੀਟ, ਰਾਂਝੇ ਦੀ ਹਵੇਲੀ ਬੁਲਾਰੀਆ ਪਾਰਕ ਨੇੜੇ ਗਿਆਨ ਆਸ਼ਰਮ ਇੰਟਰਨੈਸ਼ਨਲ ਸਕੂਲ, ਥਾਣਾ ਡੀ ਡਵੀਜ਼ਨ ਨੇੜੇ ਬੇਰੀ ਫਾਟਕ, ਐਮਸੀਏ ਵਾਹਨ ਵਰਕਸ਼ਾਪ, ਟੈਕਸੀ ਸਟੈਂਡ ਨੇੜੇ ਰੇਲਵੇ ਸਟੇਸ਼ਨ ਦੇ ਪਿਛਲੇ ਪਾਸੇ, ਭੰਡਾਰੀ ਪੁਲ ਨੇੜੇ ਪੁਰਾਣੀ ਸਬਜ਼ੀ ਮੰਡੀ, ਚੱਲੀ ਖੂਈ, ਗੋਲ ਬਾਗ, ਐਮਸੀਏ ਮੁੱਖ ਦਫ਼ਤਰ ਰਣਜੀਤ ਐਵੀਨਿਊ ਅਤੇ ਸਾਰਾਗੜ੍ਹੀ ਮਲਟੀਲੇਵਲ ਕਾਰ ਪਾਰਕਿੰਗ19 ਥਾਵਾਂ 'ਤੇ ਈਵੀ ਚਾਰਜਿੰਗ ਸਟੇਸ਼ਨ ਜਨਵਰੀ, 2024 ਦੇ ਅੰਤ ਤੱਕ ਚਾਲੂ ਹ ਜਾਣਗੇ ਜੋ ਕਿ ਰਾਹੀ ਪ੍ਰੋਜੈਕਟ ਅਧੀਨ ਈ ਆਟੋ ਚਲਾਉਣ ਦੇ ਚਾਹਵਾਨਾਂ ਲਈ ਇੱਕ ਵੱਡਾ ਹੁਲਾਰਾ ਹੋਵੇਗਾ।

ਸ੍ਰੀ ਥੋਰੀ ਨੇ ਕਿਹਾ ਕਿ ਈਵੀ ਚਾਰਜਿੰਗ ਸਟੇਸ਼ਨਾਂ ਦੀ ਵੱਧਦੀ ਮੰਗ ਦਾ ਮੁਕਾ-ਬਲਾ ਕਰਨ ਲਈ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ ਵੱਧ ਤੋਂ ਵੱਧ ਹਿੱਸਿਆਂ ਵਿੱਚ ਈਵੀ ਚਾਰਜਿੰਗ ਸਟੇਸ਼ਨ ਸਥਾਪਤ ਕਰਨ ਲਈ ਹੋਰ ਸਾਈਟਾਂ ਅਲਾਟ ਕੀਤੀਆਂ ਜਾਣਗੀਆਂ। ਇਹ ਈਵੀ ਚਾਰਜਿੰਗ ਸਟੇਸ਼ਨਾਂ ਨਾਲ ਨਾ ਸਿਰਫ਼ ਈ ਆਟੋ ਡਰਾਈਵਰਾਂ ਨੂੰ ਫਾਇਦਾ ਹੋਵੇਗਾ, ਸਗੋਂ 2 ਇਲੈਕਟ੍ਰਿਕ ਵਹੀਲਰ/4ਸ ਇਲੈਕਟ੍ਰਿਕ ਵਹੀਲਰ ਸਵਾਰਾਂ ਨੂੰ ਵੀ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਰਾਹੀ ਪ੍ਰੋਜੈਕਟ ਸ਼ਹਿਰ ਦੇ ਵਾਤਾਵਰਨ ਨੂੰ ਬਚਾਉਣ ਅਤੇ ਇਸ ਨੂੰ ਸਾਫ਼ ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸਭ ਤੋਂ ਉੱਤਮ ਯੋਜਨਾ ਹੈ। ਉਨ੍ਹਾਂ ਨੇ ਸਾਰੇ ਪੁਰਾਣੇ ਡੀਜ਼ਲ ਆਟੋ ਚਾਲਕਾਂ ਨੂੰ 1।40 ਲੱਖ ਰੁਪਏ ਦੀ ਨਕਦ ਸਬਸਿਡੀ ਦਾ ਲਾਭ ਲੈਣ ਅਤੇ ਆਪਣੇ ਡੀਜ਼ਲ ਆਟੋ ਨੂੰ ਈ ਆਟੋ ਨਾਲ ਬਦਲਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਡਾ: ਜੋਤੀ ਮਹਾਜਨ ਅਤੇ ਰਾਹੀ ਪ੍ਰੋਜੈਕਟ ਤੋਂ ਆਸ਼ੀਸ਼ ਕੁਮਾਰ ਹਾਜ਼ਰ ਸਨ।

# ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ 'ਈਟ ਰਾਈਟ ਕੈਂਪਸ' ਸਰਟੀਫਿਕੇਟ ਪ੍ਰਦਾਨ

ਅੰਮ੍ਰਿਤਸਰ, 21 ਜਨਵਰੀ (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ (ਫਸ਼ਸ਼ਅੀ) ਤੋਂ 'ਈਟ ਰਾਈਟ ਕੈਂਪਸ' ਸਰਟੀਫਿਕੇਟ ਪ੍ਰਾਪਤ ਕਰਕੇ ਵਿਦਿਆਰਥੀਆਂ ਪ੍ਰਤੀ ਆਪਣੀ ਇੱਕ ਵਾਰ ਫਿਰ ਵਚਨਬੱਧਤਾ ਦੁਹਰਾਈ ਹੈ। ਇਹ ਮਾਨਤਾ ਆਪਣੇ ਕੈਂਪਸ ਦੇ ਅੰਦਰ ਸੁਰੱਖਿਅਤ, ਸਿਹਤਮੰਦ ਅਤੇ ਟਿਕਾਊ ਭੋਜਨ ਪ੍ਰਦਾਨ ਹੋਣ ਦਾ ਪ੍ਰਮਾਣ ਹੈ।

'ਈਟ ਰਾਈਟ ਕੈਂਪਸ' ਪ੍ਰਮਾਣੀਕਰਣ ਵਿਦਿਅਕ ਸੰਸਥਾਵਾਂ ਵਿੱਚ ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਅਭਿਆਸਾਂ ਦੇ ਅਪਣਾਉਣ ਨੂੰ ਉਤਸ਼ਾਹਿਤ ਕਰਨ ਲਈ ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ ਇੰਡੀਆ ਦੁਆਰਾ ਇੱਕ ਚੰਗੀ ਪਹਿਲਕਦਮੀ ਦਾ ਹਿੱਸਾ ਹੈ। ਈਟ ਰਾਈਟ ਕੈਂਪਸ ਆਡਿਟ ਦੀਆਂ ਸਖ਼ਤ ਹਦਾਇਤਾਂ 'ਤੇ ਪੂਰਾ ਉਤਰਨ ਲਈ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੇ ਨੁਮਾਂਇੰਦੇ ਸਟਾਫ ਅਤੇ ਭੋਜਨ ਹੈਂਡਲਰਾਂ ਨੂੰ ਫੂਡ ਸੇਫਟੀ ਟਰੇਨਿੰਗ ਅਤੇ ਸਰਟੀਫਿਕੇਸ਼ਨ ਦੇ ਕਾਰਜ ਦਾ ਹਿੱਸਾ ਬਣਾਇਆ। ਇਸ ਆਡਿਟ ਵਿੱਚ ਵੱਖ ਵੱਖ ਪਹਿਲੂ ਜਿਵੇਂ ਸੁਰੱਖਿਅਤ ਭੋਜਨ ਅਭਿਆਸ, ਸਿਹਤਮੰਦ ਖੁਰਾਕ ਦੀ ਜਾਣਕਾਰੀ, ਟਿਕਾਊ ਭੋਜਨ ਅਭਿਆਸ, ਅਤੇ ਕੈਂਪਸ ਭਾਈਚਾਰੇ ਵਿੱਚ ਜਾਗਰੂਕਤਾ ਪੈਦਾ ਕਰਨਾ ਵਰਗੀਆਂ ਮਦਾਂ ਸਾਮਿਲ ਸਨ।

ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਜਸਪਾਲ ਸਿੰਘ ਸੰਧੂ ਨੇ ਇਸ ਮਾਨਤਾ ਪ੍ਰਾਪਤ ਕਰਨ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਇਸ ਦਾ ਸਿਹਰਾ ਸਮੂਹ ਹਿੱਸੇਦਾਰਾਂ ਦੇ ਸਾਂਝੇ ਯਤਨਾਂ ਨੂੰ ਦੱਸਿਆ। ਉਨ੍ਹਾਂ ਕਿਹਾ ਕਿ ਇਹ ਪ੍ਰਮਾਣੀਕਰਣ ਨਾ ਸਿਰਫ਼ ਮੈਸ ਅਤੇ ਕੰਟੀਨਾਂ ਵਿੱਚ ਉੱਚ-ਗੁਣਵੱਤਾ ਸੇਵਾਵਾਂ ਪ੍ਰਦਾਨ ਕਰਨ ਲਈ ਸਾਡੇ ਸਮਰਪਣ ਦਾ ਪ੍ਰਮਾਣ ਹੈ, ਸਗੋਂ ਸਾਡੇ ਕੈਂਪਸ ਵਿੱਚ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਪੈਦਾ ਕਰਨ ਲਈ ਵੀ ਹੈ ਕਿਉਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇਹ ਕੈਂਪਸ ਸਾਡੇ ਵਿਦਿਆਰਥੀਆਂ ਲਈ ਦੂਜੇ ਘਰ ਵਾਂਗ ਹੈ। ਇਸ ਪ੍ਰਾਪਤੀ 'ਤੇ ਫੈਕਲਟੀ, ਸਹਾਇਕ ਸਟਾਫ, ਕੰਟੀਨ ਠੇਕੇਦਾਰਾਂ ਅਤੇ ਸਾਡੇ ਵਿਦਿਆਰਥੀਆਂ ਸਮੇਤ ਸਾਰੇ ਹਿੱਸੇਦਾਰ ਆਦਿ ਦਾ ਉਨ੍ਹਾਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ।

ਰਜਿਸਟਰਾਰ ਪ੍ਰੋਫੈਸਰ ਕਰਨਜੀਤ ਸਿੰਘ ਕਾਹਲੋਂ ਨੇ ਕਿਹਾ ਕਿ ਇਹ ਪ੍ਰਮਾਣੀਕਰਣ ਯੂਨੀਵਰਸਿਟੀ ਕੈਂਪਸ ਦੇ ਅੰਦਰ ਵਿਦਿਆਰਥੀਆਂ ਲਈ ਵਿਸ਼ੇਸ਼ ਤੌਰ 'ਤੇ ਭੋਜਨ ਦੀ ਗੁਣਵੱਤਾ ਅਤੇ ਸਫਾਈ ਦਾ ਭਰੋਸਾ ਦਿੰਦਾ ਹੈ। ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ, ਡੀਨ ਵਿਦਿਆਰਥੀ ਭਲਾਈ ਨੇ ਬਾਹਰੀ ਆਡਿਟ ਪਾਰਟਨਰ ਕੁਆਲਿਟੀ ਆਸਟਰੀਆ ਸੈਂਟਰਲ ਏਸ਼ੀਆ ਪ੍ਰਾਈਵੇਟ ਲਿਮਟਿਡ ਦੁਆਰਾ ਨਿਯੁਕਤ ਇੱਕ ਕੁਆਲਿਟੀ ਆਡੀਟਰ ਦੁਆਰਾ ਕਰਵਾਏ ਗਏ ਆਡਿਟ ਵਿਚ ਯੂਨੀਵਰਸਿਟੀ ਦੇ ਬਾਰੀਕੀ ਨਾਲ ਕੀਤੇ ਗਏ ਮੁਲਾਂਕਣ ਅਤੇ ਪ੍ਰਕਿਰਿਆ ਬਾਰੇ ਦੱਸਿਆ। ਇਹ ਆਡਿਟ ਭੋਜਨ ਸੁਰੱਖਿਆ ਅਤੇ ਸਫਾਈ, ਸਿਹਤਮੰਦ ਖੁਰਾਕ, ਭੋਜਨ ਦੀ ਰਹਿੰਦ-ਖੂੰਹਦ ਪ੍ਰਬੰਧਨ, ਸਥਾਨਕ ਅਤੇ ਮੌਸਮੀ ਭੋਜਨਾਂ ਦੇ ਪ੍ਰਚਾਰ, ਅਤੇ ਭੋਜਨ ਸੁਰੱਖਿਆ ਅਤੇ ਸਿਹਤਮੰਦ ਖੁਰਾਕਾਂ ਬਾਰੇ ਜਾਗਰੂਕਤਾ 'ਤੇ ਧਿਆਨ ਕੇਂਦ੍ਰਤ ਕਰਨ ਵਾਲੀ ਇੱਕ ਜਾਂਚ ਸੂਚੀ 'ਤੇ ਅਧਾਰਤ ਸੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਸਾਨੂੰ ਨਵੇਂ ਹੁਨਰ ਸਿੱਖਣ ਦੀ ਲੋੜ ਕਿਉਂ ਹੈ?

ਵਿਜੈ ਗਰਗ

ਹੁਨਰ ਦਾ ਅਰਥ ਹੈ ਕਿਸੇ ਖਾਸ ਕੰਮ ਨੂੰ ਸੰਪੂਰਨਤਾ ਨਾਲ ਕਰਨ ਦੀ ਯੋਗਤਾ। ਨਵੇਂ ਹੁਨਰ ਸਿੱਖਣ ਨਾਲ ਤੁਹਾਨੂੰ ਤੁਹਾਡੇ ਕੰਮ ਦੀ ਜ਼ਿੰਦਗੀ ਵਿੱਚ ਪੂਰਤੀ ਮਿਲਦੀ ਹੈ। ਨੌਕਰੀ ਦੇ ਹੁਨਰ ਇੱਕ ਵਿਅਕਤੀ ਨੂੰ ਸਹੀ ਢੰਗ ਨਾਲ ਕੰਮ ਕਰਨ ਦੀ ਇਜਾਜ਼ਤ ਦਿੰਦੇ ਹਨ। ਇਹ ਤੁਹਾਨੂੰ ਵਧੇਰੇ ਆਤਮਵਿਸ਼ਵਾਸ ਅਤੇ ਵਿਅਕਤੀਗਤ ਬਣਾਉਂਦਾ ਹੈ। ਨਵੇਂ ਹੁਨਰ ਤੁਹਾਨੂੰ ਨਵੇਂ ਮੌਕੇ ਦਿੰਦੇ ਹਨ। ਤੁਸੀਂ ਆਪਣੇ ਨਵੇਂ ਹੁਨਰ ਨਾਲ ਕਿਸੇ ਹੋਰ ਕੰਮ 'ਤੇ ਸਵਿਚ ਕਰ ਸਕਦੇ ਹੋ। ਇਹ ਤੁਹਾਨੂੰ ਪ੍ਰਾਪਤੀ ਦੀ ਭਾਵਨਾ ਦਿੰਦਾ ਹੈ। ਕੁਝ ਆਮ ਪਰ ਜ਼ਰੂਰੀ ਹੁਨਰ ਜੋ ਤੁਹਾਨੂੰ ਸਿੱਖਣ ਦੀ ਲੋੜ ਹੈ- ਸੰਚਾਰ, ਸਮਾਂ ਪ੍ਰਬੰਧਨ, ਫੈਸਲਾ ਲੈਣਾ, ਲੀਡਰਸ਼ਿਪ, ਅਨੁਕੂਲਤਾ, ਆਦਿ। ਨਵੇਂ ਹੁਨਰ ਸਿੱਖਣਾ ਮਹੱਤਵਪੂਰਨ ਕਿਉਂ ਹੈ? ਦੁਨੀਆ ਹਮੇਸ਼ਾ ਬਦਲ ਰਹੀ ਹੈ ਅਤੇ ਵਿਕਾਸ ਕਰ ਰਹੀ ਹੈ ਇਸ ਤੋਂ ਬਾਅਦ ਉਦਯੋਗਾਂ ਅਤੇ ਲੋਕਾਂ ਦੇ ਰਹਿਣ ਦੇ ਤਰੀਕੇ ਵਿੱਚ ਲਗਭਗ ਹਰ ਰੋਜ਼ ਖੋਜਾਂ ਹੁੰਦੀਆਂ ਹਨ। ਪਰਿਵਰਤਨ ਤੋਂ ਬਿਨਾਂ, ਕਰਮਚਾਰੀਆਂ ਜਾਂ ਪੇਸ਼ੇਵਰਾਂ ਨੂੰ ਪਿੱਛੇ ਛੱਡਿਆ ਜਾ ਸਕਦਾ ਹੈ। ਉਦਾਹਰਨ ਲਈ, ਵਰਚੁਅਲ ਲਾਈਫ ਅਤੇ ਸੋਸ਼ਲ ਮੀਡੀਆ ਦਾ ਹਾਲ ਹੀ ਦੇ ਸਾਲਾਂ ਵਿੱਚ ਸੰਚਾਰ 'ਤੇ ਪ੍ਰਭਾਵ ਪਿਆ ਹੈ। ਇੱਕ ਥਾਂ ਤੋਂ ਦੂਜੀ ਥਾਂ ਚਿੱਠੀਆਂ ਭੇਜਣ ਦਾ ਰੁਝਾਨ ਨਹੀਂ ਹੈ। ਇਸ ਕਿਸਮ ਦਾ ਅੰਤਮ ਪਰਿਵਰਤਨ ਬਹੁਤ ਪ੍ਰਭਾਵਿਤ ਕਰ ਸਕਦਾ ਹੈ ਕਿ ਇਸਦੇ ਗਾਹਕ ਅਤੇ ਕਰਮਚਾਰੀ ਕਿਸੇ ਕਾਰੋਬਾਰ ਨੂੰ ਕਿਵੇਂ ਦੇਖਦੇ ਹਨ। ਨਵੇਂ ਹੁਨਰ ਸਿੱਖਣ ਦੀ ਮਹੱਤਤਾ ਹੇਠਾਂ ਦਿੱਤੀ ਗਈ ਹੈ 1। ਪ੍ਰਾਪਤੀ ਦੀ ਭਾਵਨਾ: ਜਦੋਂ ਤੁਸੀਂ ਨਵੇਂ ਹੁਨਰ ਸਿੱਖ ਰਹੇ ਹੁੰਦੇ ਹੋ, ਤਾਂ ਤੁਸੀਂ ਆਪਣੇ ਆਪ ਨੂੰ ਕਿਸੇ ਵੀ ਸਥਿਤੀ ਵਿੱਚ ਢਾਲ ਸਕਦੇ ਹੋ। ਇਹ ਤੁਹਾਨੂੰ ਪ੍ਰਾਪਤੀ ਦੀ ਭਾਵਨਾ ਦਿੰਦਾ ਹੈ। ਤੁਹਾਡੇ ਨਾਲ, ਆਪਣੀ ਕੀਮਤ ਅਤੇ ਕੰਮ ਜੋ ਤੁਸੀਂ ਕਰ ਸਕਦੇ ਹੋ, ਜਾਣੋ। ਤੁਹਾਡੇ ਨਵੇਂ ਮੌਕੇ ਪੈਦਾ ਹੁੰਦੇ ਹਨ, ਇਹ ਤੁਹਾਨੂੰ ਮਹੱਤਵਪੂਰਨ ਮਹਿਸੂਸ ਕਰਦਾ ਹੈ, ਇਹ ਤੁਹਾਨੂੰ ਪ੍ਰੇਰਿਤ ਕਰਦਾ ਹੈ। 2। ਵਾਧਾ: ਪੇਸ਼ੇਵਰ ਜੀਵਨ ਵਿੱਚ ਹੀ ਨਹੀਂ, ਸਗੋਂ ਇੱਕ ਮਨੁੱਖ ਵਜੋਂ ਵੀ ਤੁਸੀਂ ਨਵੇਂ ਹੁਨਰ ਨੂੰ ਅਪਣਾ ਕੇ ਅੱਗੇ ਵੱਧ ਸਕਦੇ ਹੋ। ਤੁਸੀਂ ਬਿਹਤਰ ਲਈ ਆਪਣੇ ਆਪ ਨੂੰ ਸੁਧਾਰ ਸਕਦੇ ਹੋ। ਇਹ ਤੁਹਾਨੂੰ ਨਵੇਂ ਅਤੇ ਵੱਖਰੇ ਮੌਕਿਆਂ ਤੱਕ ਪਹੁੰਚ ਵੀ ਦਿੰਦਾ ਹੈ। ਤੁਸੀਂ ਆਪਣੇ ਆਪ ਨੂੰ ਵਿਕਸਤ ਕਰ ਸਕਦੇ ਹੋ, ਅਤੇ ਇਹ ਵਿਕਾਸ ਹੈ। 3। ਵਿੱਤੀ ਲਾਭ: ਨਵੇਂ ਹੁਨਰ ਸਿੱਖਣ ਦਾ ਮਤਲਬ ਹੈ ਕਿ ਤੁਸੀਂ ਵਧੇਰੇ ਕੰਮ ਕਰ ਸਕਦੇ ਹੋ ਜਾਂ ਬਹੁਤ ਸਾਰੇ ਕੰਮਾਂ ਵਿੱਚ ਨਿਵੇਸ਼ ਕਰ ਸਕਦੇ ਹੋ। ਇਸ ਤੋਂ ਬਾਅਦ ਇਹ ਤੁਹਾਨੂੰ ਤੁਹਾਡੇ ਨਾਲੋਂ ਵੱਧ ਕਮਾਈ ਕਰਨ ਵਿੱਚ ਲਾਭ ਦਿੰਦਾ ਹੈ। ਇਹ ਤੁਹਾਡੇ ਕੰਮ ਵਾਲੀ ਥਾਂ 'ਤੇ ਤੁਹਾਡੀ ਆਮਦਨ ਵਿੱਚ ਮਦਦ ਕਰਦਾ ਹੈ। 4। ਸਿੱਖਣ ਦੀ ਗਤੀ ਵਧਦੀ ਹੈ: ਜਦੋਂ ਤੁਸੀਂ ਇੱਕ ਨਵਾਂ ਹੁਨਰ ਸਿੱਖਦੇ ਹੋ, ਤਾਂ ਤੁਸੀਂ ਬਹੁਤ ਜ਼ਿਆਦਾ ਨਿਪੁੰਨ ਮਹਿਸੂਸ ਕਰੋਗੇ। ਅਤੇ ਤੁਸੀਂ ਹੋਰ ਨਵੇਂ ਹੁਨਰ ਸਿੱਖਣ ਵਿੱਚ ਦਿਲਚਸਪੀ ਮਹਿਸੂਸ ਕਰਦੇ ਹੋ ਜਿਵੇਂ ਕਿ ਤੁਸੀਂ ਜਾਣਦੇ ਹੋ, ਨਵੇਂ ਹੁਨਰ ਸਿੱਖਣ ਨਾਲ ਤੁਹਾਨੂੰ ਬਹੁਤ ਫਾਇਦਾ ਹੁੰਦਾ ਹੈ। 5। ਰਚਨਾਤਮਕ ਵਿਚਾਰ ਦਿੰਦਾ ਹੈ: ਹੁਨਰ ਤੁਹਾਨੂੰ ਤਰੱਕੀ ਦਿੰਦੇ ਹਨ। ਨਵੇਂ ਹੁਨਰ ਸਿੱਖਣ ਦੁਆਰਾ, ਤੁਸੀਂ ਰਚਨਾਤਮਕ ਅਤੇ ਨਵੇਂ ਵਿਚਾਰ ਪ੍ਰਾਪਤ ਕਰਦੇ ਹੋ। ਤੁਸੀਂ ਆਪਣੇ ਰਚਨਾਤਮਕ ਵਿਚਾਰਾਂ ਨਾਲ ਕਿਸੇ ਵੀ ਮਿਹਨਤੀ ਕੰਮ ਨੂੰ ਹੱਲ ਕਰ ਸਕਦੇ ਹੋ। 6। ਨਵੇਂ ਟੀਚਿਆਂ ਨੂੰ ਪ੍ਰਾਪਤ ਕਰਨਾ: ਤੁਸੀਂ ਨਵੇਂ ਟੀਚੇ ਪ੍ਰਾਪਤ ਕਰ ਸਕਦੇ ਹੋ ਅਤੇ ਨਵੇਂ ਟੀਚੇ ਵੀ ਬਣਾ ਸਕਦੇ ਹੋ। ਨਵੇਂ ਹੁਨਰ ਸਿੱਖਣ ਨਾਲ ਤੁਹਾਨੂੰ ਨਵੇਂਪਣ ਦੀ ਭਾਵਨਾ ਮਿਲਦੀ ਹੈ। ਤੁਸੀਂ ਆਪਣੇ ਨਵੇਂ ਹੁਨਰ ਨਾਲ ਕਿਸੇ ਵੀ ਅਣਜਾਣ ਚੀਜ਼ ਵਿੱਚ ਨਿਵੇਸ਼ ਕਰ ਸਕਦੇ ਹੋ। 7। ਦੂਜਿਆਂ ਨੂੰ ਆਕਰਸ਼ਿਤ ਕਰਦਾ ਹੈ: ਆਓ ਅਸਲੀ ਬਣੀਏ ਜਦੋਂ ਤੁਸੀਂ ਕੁਝ ਨਵਾਂ ਦੇਖਦੇ ਹੋ ਜਿਸ ਬਾਰੇ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ। ਸਾਡੀ ਪੇਸ਼ੇਵਰ ਜਾਂ ਕੰਮ ਵਾਲੀ ਜ਼ਿੰਦਗੀ ਵਿੱਚ ਵੀ ਅਜਿਹਾ ਹੀ ਹੁੰਦਾ ਹੈ। ਜਦੋਂ ਤੁਹਾਡੇ ਸਹਿ-ਕਰਮਚਾਰੀ, ਬੌਸ ਤੁਹਾਡੇ ਹੁਨਰ ਵਿੱਚ ਤਬਦੀਲੀ ਦੇਖਦੇ ਹਨ, ਤਾਂ ਉਹ ਤੁਹਾਨੂੰ ਤਰਜੀਹ ਦੇਣਗੇ, ਜਾਂ ਇੱਥੋਂ ਤੱਕ ਕਿ ਤੁਹਾਨੂੰ ਇੱਕ ਬੌਸ, ਗਾਹਕ ਵਜੋਂ, ਅਤੇ ਪ੍ਰਸਤਾਵ ਤੁਹਾਨੂੰ ਭੇਜੇ ਜਾਣਗੇ। ਉਦਾਹਰਨ ਲਈ- ਜੇਕਰ ਤੁਸੀਂ ਇੱਕ ਪ੍ਰੋਫੈਸ਼ਨਲ ਫੋਟੋਗ੍ਰਾਫਰ ਹੋ, ਪਰ ਤੁਸੀਂ ਇਸ ਸ਼ਰਤ 'ਤੇ ਐਡਿਟ ਕਰਨਾ ਨਹੀਂ ਜਾਣਦੇ ਹੋ ਕਿ ਤੁਸੀਂ ਐਡੀਟਿੰਗ ਦਾ ਨਵਾਂ ਹੁਨਰ ਸਿੱਖ ਸਕਦੇ ਹੋ, ਜੋ ਦੂਜਿਆਂ ਨੂੰ ਆਕਰਸ਼ਿਤ ਕਰੇਗਾ। ਉਪਰੋਕਤ ਕਾਰਨਾਂ ਕਰਕੇ, ਤੁਹਾਨੂੰ ਨਵੇਂ ਹੁਨਰ ਸਿੱਖਣ ਦੀ ਲੋੜ ਹੈ। ਸਿੱਖਣ ਦੇ ਹੁਨਰ ਤੁਹਾਨੂੰ ਹਰ ਦੂਜੇ ਤਰੀਕੇ ਨਾਲ ਇੱਕ ਨਵਾਂ ਵਿਅਕਤੀ ਬਣਾਉਂਦੇ ਹਨ। ਜੇਕਰ ਤੁਸੀਂ ਕਿਸੇ ਕੰਮ ਵਿੱਚ ਅਸਫਲ ਹੋ ਜਾਂਦੇ ਹੋ, ਤਾਂ ਉਸ ਕੰਮ ਨਾਲ ਸਬੰਧਤ ਕੁਝ ਹੁਨਰ ਨੂੰ ਅਪਣਾਉਣ ਦੀ ਕੋਸ਼ਿਸ਼ ਕਰੋ, ਇਹ ਤੁਹਾਨੂੰ ਲਾਭ ਦੇਵੇਗਾ। ਕੰਮ 'ਤੇ ਨਵੇਂ ਹੁਨਰ ਸਿੱਖਣਾ ਮਹੱਤਵਪੂਰਨ ਕਿਉਂ ਹੈ? ਜ਼ਿੰਦਗੀ ਨਵੀਆਂ ਚੀਜ਼ਾਂ ਸਿੱਖਣ ਬਾਰੇ ਹੈ। ਇਸ ਤੋਂ ਇਲਾਵਾ, ਪੇਸ਼ੇਵਰ ਜੀਵਨ ਦੀ ਸਫਲਤਾ ਨਵੇਂ ਹੁਨਰ ਸਿੱਖਣ 'ਤੇ ਵੀ ਨਿਰਭਰ ਕਰਦੀ ਹੈ। ਪੇਸ਼ੇਵਰ ਜੀਵਨ ਵਿੱਚ ਨਵੇਂ ਹੁਨਰਾਂ ਨੂੰ ਅਪਣਾਉਣ ਨਾਲ ਤੁਹਾਨੂੰ ਪ੍ਰਾਪਤੀ ਦੀ ਭਾਵਨਾ ਮਿਲਦੀ ਹੈ। ਤੁਹਾਡੇ ਨਾਲ, ਆਪਣੀ ਕੀਮਤ ਅਤੇ ਕੰਮ ਜੋ ਤੁਸੀਂ ਕਰ ਸਕਦੇ ਹੋ, ਜਾਣੋ। ਤੁਹਾਡੇ ਨਵੇਂ ਮੌਕੇ ਪੈਦਾ ਹੁੰਦੇ ਹਨ, ਇਹ ਤੁਹਾਨੂੰ ਮਹੱਤਵਪੂਰਨ ਮਹਿਸੂਸ ਕਰਦਾ ਹੈ, ਇਹ ਤੁਹਾਨੂੰ ਪ੍ਰੇਰਿਤ ਕਰਦਾ ਹੈ। ਤੁਸੀਂ ਸੁਧਾਰ ਕਰ ਸਕਦੇ ਹੋਆਪਣੇ ਆਪ ਨੂੰ ਬਿਹਤਰ ਲਈ। ਇਹ ਤੁਹਾਨੂੰ ਨਵੇਂ ਅਤੇ ਵੱਖਰੇ ਮੌਕਿਆਂ ਤੱਕ ਪਹੁੰਚ ਵੀ ਦਿੰਦਾ ਹੈ। ਤੁਸੀਂ ਆਪਣੇ ਆਪ ਨੂੰ ਵਿਕਸਤ ਕਰ ਸਕਦੇ ਹੋ, ਅਤੇ ਇਹ ਵਿਕਾਸ ਹੈ। ਕੰਮ 'ਤੇ ਨਵੇਂ ਹੁਨਰ ਸਿੱਖਣ ਦੀ ਮਹੱਤਤਾ: 1।) ਨਵਾਂ ਅਨੁਭਵ: ਜਦੋਂ ਤੁਸੀਂ ਨਵੀਆਂ ਚੀਜ਼ਾਂ ਦੀ ਕੋਸ਼ਿਸ਼ ਕਰਦੇ ਹੋ ਤਾਂ ਅਨੁਭਵ ਆਉਂਦੇ ਹਨ। ਇੱਕੋ ਚੀਜ਼ ਨਾਲ ਜੁੜੇ ਰਹਿਣ ਨਾਲ ਤੁਹਾਨੂੰ ਨਵੇਂ ਅਨੁਭਵ ਨਹੀਂ ਮਿਲਣਗੇ। ਇਸ ਤੋਂ ਬਾਅਦ, ਨਵੇਂ ਤਜ਼ਰਬੇ ਪ੍ਰਾਪਤ ਕਰਨ ਲਈ ਕੰਮ 'ਤੇ ਨਵੇਂ ਹੁਨਰ ਸਿੱਖਣਾ ਜ਼ਰੂਰੀ ਹੈ। 2।) ਪ੍ਰਸ਼ਾਸਨ ਦਾ ਭਰੋਸਾ: ਜਦੋਂ ਤੁਹਾਡੇ ਕੰਮ ਵਾਲੀ ਥਾਂ 'ਤੇ ਹਰ ਕਿਸੇ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਇਸ ਤੋਂ ਇਲਾਵਾ ਨਵੇਂ ਹੁਨਰ ਹਾਸਲ ਕਰ ਰਹੇ ਹੋ, ਤਾਂ ਪ੍ਰਸ਼ਾਸਨ ਤੁਹ-ਾਡੇ 'ਤੇ ਭਰੋਸਾ ਕਰੇਗਾ ਅਤੇ ਤੁਹਾਨੂੰ ਕੋਸ਼ਿਸ਼ ਕਰਨ ਲਈ ਨਵੇਂ ਕੰਮ ਦੇਵੇਗਾ। 3।) ਸਹਿ-ਕਰਮਚਾਰੀਆਂ ਦੀ ਦਿਲਚਸਪੀ: ਜਿਵੇਂ ਕਿ ਤੁਸੀਂ ਨਵੇਂ ਹੁਨਰਾਂ ਨੂੰ ਅਪਣਾ ਰਹੇ ਹੋ, ਤੁਸੀਂ ਹਰ ਕਿਸੇ ਦੀ ਤਰਜੀਹ ਸੂਚੀ ਵਿੱਚ ਹੋ। ਉਹ ਨਵੇਂ ਹੁਨਰ ਨੂੰ ਵੀ ਅਪਣਾਉਣਾ ਚਾਹੁਣ-ਗੇ। ਉਹ ਤੁਹਾਡੇ ਹੁਨਰਾਂ ਅਤੇ ਹੁਨਰਾਂ ਨੂੰ ਅਨੁਕੂਲ ਬਣਾਉਣ ਦੀ ਪ੍ਰਕਿਰਿਆ ਬਾਰੇ ਚਰਚਾ ਕਰਨਗੇ। ਇਸ ਦੇ ਨਾਲ ਹੀ ਉਹ ਤੁਹਾਡੇ ਕੰਮ ਵਿੱਚ ਦਿਲਚਸਪੀ ਦਿਖਾਉਣਗੇ। 4।) ਤਰੱਕੀ: ਬਹੁਤ ਸਾਰੇ ਲੋਕਾਂ ਲਈ, ਆਪਣੇ ਕੰਮ ਵਿੱਚ ਤਰੱਕੀ ਪ੍ਰਾਪਤ ਕਰਨਾ ਬਹੁਤ ਔਖਾ ਹੁੰਦਾ ਹੈ। ਤੁਸੀਂ ਨਵੇਂ ਹੁਨਰਾਂ ਨੂੰ ਅਪਣਾ ਕੇ ਇਸਨੂੰ ਅਜ਼ਮਾ ਸਕਦੇ ਹੋ। ਯਕੀਨੀ ਤੌਰ 'ਤੇ, ਤੁਹਾਡਾ ਬੌਸ ਜਾਂ ਪ੍ਰਸ਼ਾਸਨ ਇਸ ਤੋਂ ਪ੍ਰਭਾਵਿਤ ਹੋਵੇਗਾ। ਇਸ ਦੇ ਨਾਲ, ਤੁਸੀਂ ਹੁਣ ਹੋਰ ਨਿਵੇਸ਼ ਕਰ ਸਕਦੇ ਹੋ। ਸਿੱਟੇ ਵਜੋਂ, ਤੁਹਾਨੂੰ ਇੱਕ ਤਰੱਕੀ ਮਿਲੇਗੀ। 5।) ਵਿਸ਼ਿਆਂ ਬਾਰੇ ਸੋਚਣ ਵਿੱਚ ਲਾਭ: ਇਹ ਇੱਕ ਅਜਿਹੀ ਸਥਿਤੀ ਹੈ ਜਿੱਥੇ ਲੋਕਾਂ ਦੀ ਇੱਕ ਟੀਮ ਰੁਕਾਵਟਾਂ ਨੂੰ ਘਟਾ ਕੇ ਕਿਸੇ ਖਾਸ ਚਿੰਤਾ ਜਾਂ ਦਿਲਚਸਪੀ ਦੇ ਆਲੇ ਦੁਆਲੇ ਨਵੇਂ ਵਿਚਾਰ ਅਤੇ ਹੱਲ ਪੇਸ਼ ਕਰਨ ਲਈ ਮਿਲਦੀ ਹੈ। ਸਾਰੇ ਵਿਚਾਰਾਂ ਅਤੇ ਵਿਚਾਰਾਂ ਨੂੰ ਹੇਠਾਂ ਚਿੰਨ੍ਹਿਤ ਕੀਤਾ ਜਾਂਦਾ ਹੈ, ਅਤੇ ਉਹਨਾਂ ਵਿਚਾਰਾਂ ਦੀ ਆਲੋਚਨਾ ਨਹੀਂ ਕੀਤੀ ਜਾਂਦੀ, ਅਤੇ ਬ੍ਰੇਨਸਟਾਰਮਿੰਗ ਸੈਸ਼ਨਾਂ ਤੋਂ ਬਾਅਦ, ਵਿਚਾਰਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਤੁਹਾਡੇ ਦਿਮਾਗੀ ਸੈਸ਼ਨਾਂ ਵਿੱਚ, ਤੁਸੀਂ ਤੁਹਾਨੂੰ ਸਭ ਤੋਂ ਵਧੀਆ ਦੇਣ ਦੇ ਯੋਗ ਹੋਵੋਗੇ। ਅਤੇ ਉੱਥੇ ਦੂਜਿਆਂ ਦੁਆਰਾ ਵੀ ਤੁਹਾਡੀ ਪ੍ਰਸ਼ੰਸਾ ਕੀਤੀ ਜਾਵੇਗੀ। 6।) ਵਿਚਾਰ ਪੇਸ਼ ਕਰਨਾ: ਲੋਕ ਤੁਹਾਡੇ ਵਿਚਾਰਾਂ ਨੂੰ ਵਧੇਰੇ ਚਿੰਤਾ ਨਾਲ ਸੁਣਨਗੇ, ਅਤੇ ਇਸਦੇ ਨਾਲ, ਤੁਸੀਂ ਆਪਣੇ ਕਨੈਕਸ਼ਨਾਂ ਦਾ ਵਿਸਥਾਰ ਕਰਨ ਦੇ ਯੋਗ ਹੋਵੋਗੇ ਅਤੇ। ਉੱਪਰ ਕੰਮ 'ਤੇ ਨਵੇਂ ਹੁਨਰ ਸਿੱਖਣ ਦੀ ਮਹੱਤਤਾ ਹੈ। ਸਿੱਖਣਾ ਮਨੁੱਖੀ ਜੀਵਨ ਵਿੱਚ ਕਦੇ ਨਹੀਂ ਰੁਕਦਾ, ਤਾਂ ਇਸ ਨੂੰ ਤੁਹਾਡੀ ਪੇਸ਼ੇਵਰ ਜ਼ਿੰਦਗੀ ਵਿੱਚ ਕਿਉਂ ਕਰਨਾ ਚਾਹੀਦਾ ਹੈ? ਨਵੇਂ ਹੁਨਰ ਸਿੱਖਦੇ ਰਹੋ ਕਿਉਂਕਿ ਇਹ ਤੁਹਾਡੇ ਕੰਮ-ਜੀਵਨ ਵਿੱਚ ਮਦਦ ਕਰੇਗਾ। ਪੇਸ਼ੇਵਰ ਜੀਵਨ ਵਿੱਚ ਨਵੇਂ ਹੁਨਰਾਂ ਨੂੰ ਅਪਣਾਉਣ ਨਾਲ ਤੁਹਾਨੂੰ ਪ੍ਰਾਪਤੀ ਦੀ ਭਾਵਨਾ ਮਿਲਦੀ ਹੈ। ਤੁਹਾਡੇ ਨਾਲ, ਆਪਣੀ ਕੀਮਤ ਅਤੇ ਕੰਮ ਜੋ ਤੁਸੀਂ ਕਰ ਸਕਦੇ ਹੋ, ਜਾਣੋ। ਸਿੱਖਣ ਨਾਲ ਤੁਹਾਨੂੰ ਕਿਵੇਂ ਲਾਭ ਹੁੰਦਾ ਹੈ? ਸਾਡੇ ਵਿੱਚੋਂ ਬਹੁਤਿਆਂ ਲਈ, ਸਾਡੇ ਕੰਮ ਸਾਨੂੰ ਸਿੱਖਣ ਅਤੇ ਸੁਧਾਰ ਦਾ ਇੱਕ ਵਧੀਆ ਤਰੀਕਾ ਪੇਸ਼ ਕਰਦੇ ਹਨ। ਤੁਹਾਡੀ ਸਿੱਖਣ ਦੀ ਪ੍ਰਕਿਰਿਆ ਤੁਹਾਨੂੰ ਪ੍ਰੇਰਣਾ ਅਤੇ ਉਤਸ਼ਾਹ ਦਿੰਦੀ ਹੈ। ਜਦੋਂ ਤੁਸੀਂ ਗਿਆਨ ਪ੍ਰਾਪਤ ਕਰਨ ਤੋਂ ਪਹਿਲਾਂ ਪਿੱਛੇ ਮੁੜ ਕੇ ਦੇਖੋਗੇ, ਤਾਂ ਤੁਹਾਨੂੰ ਇਸ ਤੱਥ ਦਾ ਅਹਿਸਾਸ ਹੋਵੇਗਾ ਕਿ ਤੁਸੀਂ ਕਿੰਨਾ ਕੁਝ ਸਿੱਖਿਆ ਹੈ। ਪਰ ਸਾਡੇ ਵਿੱਚੋਂ ਜਿਹੜੇ ਮਹਿਸੂਸ ਕਰਦੇ ਹਨ ਕਿ ਸਾਡੇ ਕੰਮ ਸਾਨੂੰ ਕਿਸੇ ਵੀ ਚੀਜ਼ ਲਈ ਮਾਰਗਦਰਸ਼ਨ ਨਹੀਂ ਕਰ ਰਹੇ ਹਨ, ਤਰੱਕੀ ਦੀ ਘਾਟ ਸਾਨੂੰ ਨਿਰਾਸ਼ ਅਤੇ ਉਦਾਸ ਮਹਿਸੂਸ ਕਰ ਸਕਦੀ ਹੈ। ਕੰਮ 'ਤੇ ਨਵੇਂ ਹੁਨਰ ਸਿੱਖਣ ਦੇ ਹੇਠਾਂ ਦਿੱਤੇ ਫਾਇਦੇ ਹਨ:ਿ ) ਆਪਣੀ ਨੌਕਰੀ ਨੂੰ ਸੁਰੱਖਿਅਤ ਕਰਨਾ: ਤੁਹਾਡੀ ਨੌਕਰੀ ਗੁਆਉਣਾ ਤੁਹਾਡੇ ਲਈ ਕਦੇ ਵੀ ਕੋਈ ਮੁੱਦਾ ਨਹੀਂ ਹੋਵੇਗਾ। ਕੰਪਨੀ ਜਾਂ ਕੰਮ ਵਾਲੀ ਥਾਂ 'ਤੇ ਨਵਾਂਪਨ ਲਿਆਉਣ ਕਾਰਨ ਤੁਹਾਡਾ ਪ੍ਰਸ਼ਾਸਨ ਜਾਂ ਬੌਸ ਤੁਹ-ਾਡੇ ਤੋਂ ਪ੍ਰਭਾਵਿਤ ਹੋਣਗੇ। ਇਸ ਤੋਂ ਬਾਅਦ, ਤੁਹਾਡੀ ਨੌਕਰੀ ਗੁਆਉਣ ਦਾ ਕੋਈ ਮੌਕਾ ਨਹੀਂ ਹੋਵੇਗਾ, ਅਤੇ ਤੁਸੀਂ ਇਸ ਵਿੱਚ ਸ਼ਾਂਤੀ ਨਾਲ ਨਿਵੇਸ਼ ਕਰ ਸਕਦੇ ਹੋ।ਿਂ) ਇੱਕ ਵਧੀਆ ਕੰਮ ਵਾਲੀ ਥਾਂ ਪ੍ਰਦਾਨ ਕਰਨਾ: ਜਦੋਂ ਤੁਸੀਂ ਨਵੇਂ ਹੁਨਰਾਂ ਨੂੰ ਢਾਲਣ ਵਿੱਚ ਮਾਹਰ ਹੁੰਦੇ ਹੋ, ਤਾਂ ਕੰਮ ਲਈ ਬਹੁਤ ਸਾਰੇ ਪ੍ਰਸਤਾਵ ਹੋਣਗੇ। ਫਿਰ ਤੁਸੀਂ ਚੁਣ ਸਕਦੇ ਹੋ ਕਿ ਤੁਹਾਡੇ ਲਈ ਕਿਹੜਾ ਕੰਮ ਸਭ ਤੋਂ ਵਧੀਆ ਹੈ।ਿਂਂ) ਗਿਆਨ ਵਿੱਚ ਵਾਧਾ: ਗਿਆਨ ਵਿੱਚ ਵਾਧਾ ਕੰਮ 'ਤੇ ਨਵੇਂ ਹੁਨਰ ਸਿੱਖਣ ਦਾ ਇੱਕ ਬਹੁਤ ਵੱਡਾ ਲਾਭ ਹੈ। ਇਹ ਤੁਹਾਨੂੰ ਇੱਕ ਨਵੀਂ ਭਾਵਨਾ ਪ੍ਰਦਾਨ ਕਰਦਾ ਹੈ ਜਿਸ ਦੁਆਰਾ ਤੁਸੀਂ ਨਿਰਣਾ ਕਰ ਸਕਦੇ ਹੋ। ਇਹ ਅਧਿਐਨ, ਅਭਿਆਸ, ਸਿਖਾਏ ਜਾਣ, ਜਾਂ ਅਨੁਭਵ ਕਰਕੇ ਹੁਨਰ ਹਾਸਲ ਕਰਨ ਦੀ ਗਤੀਵਿਧੀ ਜਾਂ ਪ੍ਰਕਿਰਿਆ ਹੈ।ਿ ਵ) ਗਰੁੱਪਿੰਗ ਲਾਭ: ਭਾਵੇਂ ਇਹ ਕੋਈ ਨਵਾਂ ਪ੍ਰੋਜੈਕਟ ਚੁਣ ਰਿਹਾ ਹੋਵੇ ਜਾਂ ਗਰੁੱਪਿੰਗ, ਤੁਹਾਡੇ ਸਹਿ-ਕਰਮਚਾਰੀ ਤੁਹਾਨੂੰ ਆਪਣੀ ਟੀਮ ਵਿੱਚ ਚਾਹੁੰਦੇ ਹੋਣਗੇ। ਉਹ ਤੁਹਾਨੂੰ ਸਭ ਤੋਂ ਵੱਧ ਮਹੱਤਵ ਦੇਣਗੇ। ਇਹ ਕਦੇ ਨਹੀਂ ਹੋਵੇਗਾ ਕਿ ਤੁਸੀਂ ਇੱਕ ਅਸਾਈਨਮੈਂਟ ਜਾਂ ਪ੍ਰੋਜੈਕਟ ਬਣਾਉਣ ਦਾ ਕੋਈ ਸਮੂਹ ਨਹੀਂ ਹੋਵੋਗੇ। ਇਹ ਵੀ ਹੋ ਸਕਦਾ ਹੈ ਕਿ ਲੋਕ ਤੁਹਾਨੂੰ ਏਇੱਕ ਨੇਤਾ ਜਾਂ ਇੱਕ ਪ੍ਰੇਰਣਾ ਹੈ। ਵ) ਆਤਮ-ਵਿਸ਼ਵਾਸ ਵਧਾਉਣਾ: ਨਿਸ਼ਚਿਤ ਤੌਰ 'ਤੇ ਨਵੇਂ ਹੁਨਰ ਸਿੱਖਣ ਨਾਲ ਆਪਣੇ ਆਪ ਵਿਚ ਨਵਾਂਪਨ ਆਵੇਗਾ। ਇਸ ਤੋਂ ਇਲਾਵਾ, ਇਹ ਤੁਹਾਡੇ ਆਤਮ-ਵਿਸ਼ਵਾਸ ਨੂੰ ਵਧਾਏਗਾ। ਤੁਸੀਂ ਆਪਣੀ ਕੀਮਤ ਮਹਿਸੂਸ ਕਰੋਗੇ, ਅਤੇ ਇਸਦੇ ਨਾਲ, ਤੁਸੀਂ ਹੋਰ ਚੀਜ਼ਾਂ ਦੀ ਕੋਸ਼ਿਸ਼ ਕਰੋਗੇ ਜੋ ਸਫਲਤਾ ਲਿਆ ਸਕਦੀਆਂ ਹਨ। ਕੰਮ 'ਤੇ ਨਵੇਂ ਹੁਨਰ ਸਿੱਖਣ ਦੇ ਇਹ ਫਾਇਦੇ ਹਨ। ਇਸ ਤੋਂ ਇਲਾਵਾ, ਪੇਸ਼ੇਵਰ ਜੀਵਨ ਦੀ ਸਫਲਤਾ ਨਵੇਂ ਹੁਨਰ ਸਿੱਖਣ 'ਤੇ ਵੀ ਨਿਰਭਰ ਕਰਦੀ ਹੈ। ਲੋਕ ਤੁਹਾਡੇ ਵਿਚਾਰਾਂ ਨੂੰ ਵਧੇਰੇ ਚਿੰਤਾ ਨਾਲ ਸੁਣਨਗੇ, ਅਤੇ ਇਸਦੇ ਨਾਲ, ਤੁਸੀਂ ਆਪਣੇ ਕਨੈਕਸ਼ਨਾਂ ਨੂੰ ਵਧਾਉਣ ਦੇ ਯੋਗ ਹੋਵੋਗੇ। ਹੁਨਰ ਦੀ ਮਹੱਤਤਾ ਕੀ ਹੈ? ਹੁਨਰ ਹਾਸਲ ਕਰਨਾ ਸਭ ਤੋਂ ਮਹੱਤਵਪੂਰਨ ਚੀਜ਼ਾਂ ਵਿੱਚੋਂ ਇੱਕ ਹੈ ਜੋ ਤੁਸੀਂ ਆਪਣੇ ਕੰਮ ਨੂੰ ਵਿਕਸਿਤ ਕਰਨ ਲਈ ਕਰ ਸਕਦੇ ਹੋ। ਇਹ ਕੁਝ ਵਧੀਆ ਕਰਨ ਦੀ ਯੋਗਤਾ ਹੈ। ਇੱਕ ਚੰਗੀ ਤਰ੍ਹਾਂ ਵਿਕਸਤ ਹੁਨਰ ਸਾਨੂੰ ਕਿਸੇ ਖਾਸ ਖੇਤਰ ਵਿੱਚ ਮਾਹਰ ਬਣਾ ਸਕਦਾ ਹੈ, ਅਤੇ ਇਹ ਵੀ ਸਿੱਖਿਆ ਜਾ ਸਕਦਾ ਹੈ। ਨਵੇਂ ਹੁਨਰ ਸਿੱਖਣ ਨਾਲ ਤੁਹਾਡੇ ਪੇਸ਼ੇਵਰ ਜੀਵਨ ਵਿੱਚ ਬਹੁਤ ਮਦਦ ਮਿਲਦੀ ਹੈ। ਇਹ ਤੁਹਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ, ਆਤਮ ਵਿਸ਼ਵਾਸ ਦਿੰਦਾ ਹੈ, ਅਤੇ ਤੁਹਾਨੂੰ ਕੰਮ ਕਰਨ ਲਈ ਪ੍ਰੇਰਣਾ ਵੀ ਦਿੰਦਾ ਹੈ। ਤੁਹਾਡੇ ਮੌਜੂਦਾ ਹੁਨਰ ਦਾ ਅਭਿਆਸ ਕਰਨਾ ਅਤੇ ਤੁਹਾਨੂੰ ਤੁਹਾਡੇ ਕੰਮ ਵਾਲੀ ਥਾਂ 'ਤੇ ਪੇਸ਼ੇਵਰ ਬਣਾਉਂਦਾ ਹੈ। ਨਾ ਸਿਰਫ਼ ਨਵੇਂ ਹੁਨਰ ਸਿੱਖਣਾ ਜ਼ਰੂਰੀ ਹੈ, ਸਗੋਂ ਤੁਹਾਡੇ ਮੌਜੂਦਾ ਹੁਨਰ ਦਾ ਅਭਿਆਸ ਕਰਨਾ ਵੀ ਜ਼ਰੂਰੀ ਹੈ। ਨਵੇਂ ਹੁਨਰ ਸਿੱਖਣਾ ਬੱਚੇ ਦੀ ਪਰਵਰਿਸ਼ ਕਰਨ ਵਾਂਗ ਹੈ; ਇਹ ਵਿਕਾਸ ਨਾਲ ਜੁੜਿਆ ਹੋਇਆ ਹੈ। ਇਸਦੇ ਨਾਲ ਹੀ ਜੇਕਰ ਤੁਸੀਂ ਕਾਰੋਬਾਰ ਵਿੱਚ ਵਾਧਾ ਕਰਨਾ ਚਾਹੁੰਦੇ ਹੋ ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਖੁਸ਼ਹਾਲ ਅਤੇ ਫਲਦਾਇਕ ਹੈ। ਹੁਨਰ ਦੀ ਮਹੱਤਤਾ ਹੇਠਾਂ ਦਿੱਤੀ ਗਈ ਹੈ: 1। ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨਾ: ਲੋਕ ਆਪਣੇ ਜੀਵਨ ਵਿੱਚ ਵੱਡੇ ਜਾਂ ਛੋਟੇ ਸੁਪਨੇ ਜਾਂ ਟੀਚੇ ਰੱਖਦੇ ਹਨ। ਸਬੰਧਤ ਕੰਮ ਵਿੱਚ ਹੁਨਰਮੰਦ ਹੋਣਾ ਉਨ੍ਹਾਂ ਨੂੰ ਇਸ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਉਦਾਹਰਨ: ਜੇਕਰ ਤੁਸੀਂ ਇੱਕ ਮਾਰਕਿਟ ਦੇ ਤੌਰ 'ਤੇ ਆਪਣੇ ਕਰੀਅਰ ਨੂੰ ਵਧਾਉਣਾ ਚਾਹੁੰਦੇ ਹੋ, ਤਾਂ ਤੁਹਾਡੇ ਕੋਲ ਮਜ਼ਬੂਤ ਸੰਚਾਰ ਹੁਨਰ ਹੋਣ ਦੀ ਲੋੜ ਹੈ ਤਾਂ ਜੋ ਤੁਸੀਂ ਗਾਹਕਾਂ ਨੂੰ ਪ੍ਰਭਾਵਿਤ ਕਰ ਸਕੋ, ਮਾਰਕੀਟ ਦਾ ਵਿਸ਼ਲੇਸ਼ਣ ਕਰਨ ਲਈ ਵਿਸ਼ਲੇਸ਼ਣਾਤਮਕ ਹੁਨਰ ਅਤੇ ਇਸ ਬਾਰੇ ਫੈਸਲੇ ਲੈ ਸਕੋ ਕਿ ਤੁਹਾਡਾ ਅਗਲਾ ਕਦਮ ਕੀ ਹੋਵੇਗਾ। ਸ਼ਾਇਦ ਤੁਸੀਂ ਇਹ ਸਭ ਇਕੱਲੇ ਨਹੀਂ ਕਰ ਸਕਦੇ ਅਤੇ ਇਸ ਨੂੰ ਵਾਪਰਨ ਲਈ ਤੁਹਾਡੀ ਟੀਮ ਵਿੱਚ ਹੋਰ ਲੋਕਾਂ ਦੀ ਲੋੜ ਹੈ। ਫਿਰ ਤੁਹਾਨੂੰ ਟੀਮ ਬਣਾਉਣ ਦੇ ਹੁਨਰ ਦੀ ਲੋੜ ਹੈ। ਤੁਸੀਂ ਇਸਦੇ ਲਈ ਲੋਕਾਂ ਨੂੰ ਨਿਯੁਕਤ ਕਰ ਸਕਦੇ ਹੋ ਅਤੇ ਉਹਨਾਂ ਨੂੰ ਉਸੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੇ ਹੋ। ਉਸ ਸਥਿਤੀ ਵਿੱਚ, ਇਹ ਤੁਹਾਡੇ ਖੰਭੇ ਵਿੱਚ ਨਵੇਂ ਹੁਨਰ ਵਾਲੇ ਲੋਕਾਂ ਨੂੰ ਸ਼ਾਮਲ ਕਰੇਗਾ, ਅਤੇ ਤੁਹਾਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਤੁਹਾਡੇ ਟੀਚੇ ਨੂੰ ਪ੍ਰਾਪਤ ਕਰਨ ਲਈ ਕਿਹੜੇ ਹੁਨਰ ਮਹੱਤਵਪੂਰਨ ਹਨ। ਟੀਮ ਬਣਾਉਣ ਤੋਂ ਬਾਅਦ, ਤੁਸੀਂ ਉਹਨਾਂ ਨੂੰ ਇਹ ਅਹਿਸਾਸ ਕਰਵਾਉਂਦੇ ਹੋ ਕਿ ਉਹ ਸਬੰਧਤ ਹਨ ਅਤੇ ਉਹਨਾਂ ਵਿੱਚ ਟੀਮ ਦੀ ਪਰਵਰਿਸ਼ ਬਣਾਉਂਦੇ ਹਨ। ਇਸ ਲਈ ਪ੍ਰਬੰਧਨ ਅਤੇ ਪ੍ਰੇਰਿਤ ਕਰਨ ਦੇ ਹੁਨਰ ਦੀ ਵੀ ਲੋੜ ਹੋਵੇਗੀ। 2। ਆਤਮ-ਵਿਸ਼ਵਾਸ ਕੈਰੀਅਰ ਵਿੱਚ ਸਫਲ: ਜਦੋਂ ਤੁਹਾਡੇ ਕੋਲ ਹੁਨਰਾਂ ਲਈ ਵਧੇਰੇ ਕੰਮ ਅਤੇ ਮੌਕੇ ਹੁੰਦੇ ਹਨ, ਤਾਂ ਤੁਸੀਂ ਆਤਮ-ਵਿਸ਼ਵਾਸੀ, ਹੱਸਮੁੱਖ ਅਤੇ ਸਫਲ ਹੋ ਜਾਂਦੇ ਹੋ। ਤੁਸੀਂ ਬਹੁਤ ਸਾਰਾ ਪੈਸਾ ਪ੍ਰਾਪਤ ਕਰੋਗੇ, ਅਤੇ ਤੁਸੀਂ ਇੱਜ਼ਤ, ਪ੍ਰਸ਼ੰਸਾ ਵੀ ਕਮਾਓਗੇ ਅਤੇ ਇਹ ਸਭ ਤੁਹਾਨੂੰ ਖੁਸ਼ਹਾਲ ਅਤੇ ਖੁਸ਼ਹਾਲ ਬਣਾਉਂਦਾ ਹੈ। ਲੋਗੋ ਡਿਜ਼ਾਈਨਿੰਗ, ਵੈੱਬ ਡਿਵੈਲਪਮੈਂਟ, ਸੋਸ਼ਲ ਮੀਡੀਆ ਮਾਰਕੀਟਿੰਗ ਵਰਗੇ ਕਿਸੇ ਵੀ ਕੰਮ ਵਿੱਚ ਤਕਨੀਕੀ ਜਾਂ ਗੈਰ-ਤਕਨੀਕੀ ਨਿਪੁੰਨਤਾ ਹੋਣ ਨਾਲ ਹਮੇਸ਼ਾ ਮਾਰਕੀਟ ਦੀ ਮੰਗ ਰਹੇਗੀ। ਇਸ ਦੇ ਨਾਲ ਹੀ ਤੁਹਾਨੂੰ ਮੁਕਾਬਲੇ ਦਾ ਵੀ ਸਾਹਮਣਾ ਕਰਨਾ ਪਵੇਗਾ। ਪਰ ਸਮੁੱਚੇ ਤੌਰ 'ਤੇ, ਤੁਹਾਡੇ ਹੁਨਰ ਤੁਹਾਨੂੰ ਸਾਰੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਕਾਬੂ ਕਰਨ ਵਿੱਚ ਮਦਦ ਕਰਦੇ ਹਨ। ਪਰ ਇਸਦੇ ਲਈ ਇਸਨੂੰ ਅਪਹੁੰਚ ਸਮਝਣ ਦੀ ਬਜਾਏ, ਤੁਹਾਨੂੰ ਇਹ ਸੋਚਣਾ ਹੋਵੇਗਾ ਕਿ ਤੁਸੀਂ ਇਸਨੂੰ ਕਿਵੇਂ ਸੰਭਵ ਬਣਾ ਸਕਦੇ ਹੋ। ਅਤੇ ਤੁਹਾਡੀ ਸੋਚ ਵਿਕਸਿਤ ਹੁੰਦੀ ਹੈ ਜਦੋਂ ਤੁਸੀਂ ਨਵੇਂ ਹੁਨਰ, ਗਿਆਨ, ਤੱਥ ਸਿੱਖਦੇ ਹੋ। ਅੱਜਕੱਲ੍ਹ, ਨਵੇਂ ਹੁਨਰਾਂ ਨੂੰ ਔਨਲਾਈਨ ਸਿੱਖਣਾ ਆਸਾਨ ਹੈ, ਜਿਵੇਂ ਕਿ ੍ਹੂਟਿਊਬ ਵੀਡੀਓਜ਼, ਦਸਤਾਵੇਜ਼ੀ, ਜਾਂ ਵਿਦਿਅਕ ਵੈੱਬਸਾਈਟਾਂ। ਕਿਤਾਬਾਂ ਅਤੇ ਰਸਾਲੇ ਹਮੇਸ਼ਾ ਔਫਲਾਈਨ ਸਿੱਖਣ ਦੇ ਮਾਧਿਅਮ ਵਜੋਂ ਹੁੰਦੇ ਹਨ। ਇਹ ਚੀਜ਼ਾਂ ਨਵੇਂ ਹੁਨਰ ਸਿੱਖਣ ਨੂੰ ਆਸਾਨ ਬਣਾਉਂਦੀਆਂ ਹਨ। 3। ਨੇਤਾ ਬਣਨ ਲਈ: ਨੇਤਾਵਾਂ ਨੂੰ ਵੱਖ-ਵੱਖ ਤਰੀਕਿਆਂ ਵਿੱਚ ਹੁਨਰਮੰਦ ਹੋਣਾ ਚਾਹੀਦਾ ਹੈ, ਜਿਵੇਂ ਕਿ ਸੰਚਾਰ ਅਤੇ ਨਿਯੁਕਤੀ ਦੇ ਹੁਨਰ। ਇਸਦਾ ਮਤਲਬ ਹੈ ਕਿ ਤੁਸੀਂ ਨਵੇਂ ਹੁਨਰਾਂ ਨੂੰ ਅਪਣਾਉਣ ਦੇ ਯੋਗ ਹੋ ਜੋ ਤੁਹਾਡੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹਨ। ਲੋਕ ਪ੍ਰਤਿਭਾਸ਼ਾਲੀ ਅਤੇ ਹੁਨਰਮੰਦ ਲੋਕਾਂ ਦੀ ਪਾਲਣਾ ਕਰਦੇ ਹਨ ਕਿਉਂਕਿ ਉਹ ਸੋਚਦੇ ਹਨ ਕਿ ਉਹ ਵਿਅਕਤੀ ਉਨ੍ਹਾਂ ਨੂੰ ਕਰੀਅਰ ਵਿੱਚ ਅੱਗੇ ਵਧਣ ਵਿੱਚ ਮਦਦ ਕਰ ਸਕਦਾ ਹੈਅਤੇ ਕਾਰੋਬਾਰ। ਇੱਥੇ ਹੁਨਰਮੰਦ ਵਿਅਕਤੀ ਉੱਦਮੀ, ਲੇਖਕ, ਵਿਦਿਆਰਥੀ ਅਤੇ ਸਿਆਸੀ ਆਗੂ ਹੋ ਸਕਦਾ ਹੈ। ਉਹ ਆਪਣੇ ਗਿਆਨ ਨੂੰ ਸਾਂਝਾ ਕਰਦੇ ਹਨ ਤਾਂ ਜੋ ਇਹ ਤੁਹਾਡੇ ਕੰਮ ਵਾਲੀ ਥਾਂ 'ਤੇ ਯੋਗਦਾਨ ਪਵੇ ਪਰ ਹੋਰ ਅਨੁਯਾਈ ਬਣਾਉਣ ਲਈ ਨਹੀਂ। ਅਤੇ ਜਦੋਂ ਤੁਸੀਂ ਬਹੁਤ ਜ਼ਿਆਦਾ ਸੋਚਦੇ ਹੋ ਅਤੇ ਉਸ ਸਮੇਂ ਲਈ ਯੋਜਨਾ ਦਾ ਸਿਰ ਕਲਮ ਕਰਦੇ ਹੋ, ਤਾਂ ਇਹ ਲੋਕਾਂ ਨੂੰ ਤੁਹਾਡਾ ਅਨੁਸਰਣ ਕਰਨ ਲਈ ਆਕਰਸ਼ਿਤ ਕਰੇਗਾ। ਇਸ ਤੋਂ ਬਾਅਦ ਤੁਸੀਂ ਉਨ੍ਹਾਂ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਪਾ ਸਕਦੇ ਹੋ। 4। ਨਵੀਆਂ ਚੀਜ਼ਾਂ ਦੀ ਖੋਜ ਕਰੋ ਅਤੇ ਬਣਾਓ: ਬਹੁਤ ਸਾਰੇ ਲੋਕਾਂ ਨੇ ਯੋਜਨਾਕਾਰਾਂ ਵਿੱਚ ਬਹੁਤ ਸਾਰੇ ਰਚਨਾਤਮਕ ਵਪਾਰਕ ਵਿਚਾਰ ਲਿਖੇ ਹਨ। ਪਰ ਸਾਰੇ ਉਨ੍ਹਾਂ ਵਿਚਾਰਾਂ ਨੂੰ ਲਾਗੂ ਕਰਨ ਅਤੇ ਪਰਖਣ ਵਿਚ ਸਫਲ ਨਹੀਂ ਹੋ ਸਕੇ। ਅਤੇ ਇਹ ਹੁਨਰ ਦੀ ਘਾਟ ਕਾਰਨ ਹੈ। ਉਹਨਾਂ ਨੇ ਇਹ ਨਹੀਂ ਸਿੱਖਿਆ ਕਿ ਵਿਚਾਰਾਂ ਨੂੰ ਉਹਨਾਂ ਉਤਪਾਦਾਂ ਅਤੇ ਸੇਵਾਵਾਂ ਵਿੱਚ ਕਿਵੇਂ ਬਦਲਣਾ ਹੈ ਜੋ ਅਸਲ ਜੀਵਨ ਵਿੱਚ ਹਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਯੋਜਨਾਵਾਂ ਸਾਕਾਰ ਹੋਣ, ਪਰ ਘੱਟ ਗਿਆਨ ਅਤੇ ਇਮਾਨਦਾਰੀ ਦੇ ਕਾਰਨ, ਉਹ ਅਜਿਹਾ ਨਹੀਂ ਕਰ ਸਕਦੇ। ਪਰ ਜੇਕਰ ਕੋਈ ਵਿਅਕਤੀ ਕਿਸੇ ਵਿਸ਼ੇ 'ਤੇ ਇਕ ਘੰਟੇ ਦਾ ਸਮਾਂ ਬਿਤਾਉਂਦਾ ਹੈ ਤਾਂ ਉਹ ਉਸ ਕੰਮ ਵਿਚ ਪੇਸ਼ੇਵਰ ਹੋਣ ਦੇ ਯੋਗ ਹੋ ਜਾਵੇਗਾ। ਇਸਦੇ ਨਾਲ, ਇਹ ਉਹਨਾਂ ਦੇ ਕੰਮ ਵਿੱਚ ਰਚਨਾਤਮਕਤਾ ਅਤੇ ਮੌਲਿਕਤਾ ਨੂੰ ਵਧਾਏਗਾ। ਇਸ ਨਾਲ ਤੁਸੀਂ ਕੋਈ ਵੀ ਕੰਮ ਕਰਨ ਦੇ ਨਵੇਂ ਤਰੀਕੇ ਲੱਭ ਸਕਦੇ ਹੋ। ਨਾਲ ਹੀ, ਜੇਕਰ ਕੋਈ ਇਹ ਸੋਚਦਾ ਹੈ ਕਿ ਹਰ ਹੁਨਰ ਉਸ ਨੂੰ ਪਤਾ ਹੈ, ਤਾਂ ਇਹ ਉਨ੍ਹਾਂ ਦੇ ਜੀਵਨ ਅਤੇ ਕਾਰੋਬਾਰ ਨੂੰ ਨਕਾਰ-ਾਤਮਕ ਤੌਰ 'ਤੇ ਪ੍ਰਭਾਵਤ ਕਰੇਗਾ। ਸਾਡੇ ਆਲੇ ਦੁਆਲੇ ਸਭ ਕੁਝ ਵਧ ਰਿਹਾ ਹੈ, ਅਤੇ ਉਹ ਵੀ ਗਾਹਕ ਦੀ ਉਮੀਦ। ਪ੍ਰਸ਼ਾਸਨ ਦੀਆਂ ਉਮੀਦਾਂ ਅਤੇ ਟੀਚੇ ਵਧ ਰਹੇ ਹਨ। ਵਿਸਤਾਰ ਵਧ ਰਿਹਾ ਹੈ, ਅਤੇ ਦਿਲਚਸਪੀ ਵਧ ਰਹੀ ਹੈ, ਰੁਝੇਵੇਂ ਵਧ ਰਹੇ ਹਨ, ਆਦਿ। ਇਸ ਤੋਂ ਬਾਅਦ, ਇਸਦਾ ਮਤਲਬ ਹੈ ਕਿ ਇਹ ਉਹ ਸਮਾਂ ਹੈ ਜਿੱਥੇ ਹਰ ਕੋਈ ਵਧਣਾ ਅਤੇ ਫੈਲਾਉਣਾ ਚਾਹੁੰਦਾ ਹੈ। ਇਸ ਤਰ੍ਹਾਂ, ਜੇਕਰ ਅਸੀਂ ਸਮੇਂ ਦੀ ਰਫ਼ਤਾਰ ਅਤੇ ਵਿਕਾਸਸ਼ੀਲ ਸੰਸਾਰ ਨੂੰ ਕਾਇਮ ਨਹੀਂ ਰੱਖਦੇ, ਤਾਂ ਸਾਨੂੰ ਸਮੇਂ ਦੀ ਲੋੜ ਅਨੁਸਾਰ ਸਪਲਾਈ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿੱਟੇ ਵਜੋਂ, ਇਸ ਲਈ ਵਿਕਾਸ, ਨਵੀਨਤਾ ਅਤੇ ਨਵੀਆਂ ਚੀਜ਼ਾਂ ਬਣਾਉਣ ਲਈ। ਅਤੇ ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਖਾਸ ਟੀਚਿਆਂ ਅਤੇ ਸੁਪਨਿਆਂ ਨੂੰ ਪ੍ਰਾਪਤ ਕਰਨ ਲਈ ਕੀ ਜ਼ਰੂਰੀ ਹੈ। 5। ਨੌਕਰੀ ਅਤੇ ਤਰੱਕੀ: ਇਸਦਾ ਮਤਲਬ ਹੈ ਕਿ ਆਪਣੀ ਮਿਹਨਤ ਅਤੇ ਉਤਪਾਦਕਤਾ ਨਾਲ ਕਿਸੇ ਦੇ ਕੰਮ ਵਿੱਚ ਅੱਗੇ ਵਧਣਾ। ਜੇਕਰ ਤੁਸੀਂ ਨਵੀਂ ਨੌਕਰੀ ਜਾਂ ਤਰੱਕੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਨਵੇਂ ਹੁਨਰ ਤੁਹਾਡੀ ਬਹੁਤ ਮਦਦ ਕਰਨਗੇ। ਹੁਨਰਮੰਦ ਲੋਕਾਂ ਨੂੰ ਬਿਹਤਰ ਨੌਕਰੀਆਂ ਮਿਲਦੀਆਂ ਹਨ ਜੋ ਅਮਲੀ ਤੌਰ 'ਤੇ, ਨੈਤਿਕ ਤੌਰ 'ਤੇ ਸੋਚਦੇ ਅਤੇ ਕੰਮ ਕਰਦੇ ਹਨ। ਇਸ ਦੇ ਨਾਲ ਜੇਕਰ ਤੁਸੀਂ ਤਰੱਕੀ ਚਾਹੁੰਦੇ ਹੋ, ਤਾਂ ਤੁਹਾਨੂੰ ਵੱਖ-ਵੱਖ ਪੱਧਰਾਂ 'ਤੇ ਦੂਜਿਆਂ ਨਾਲੋਂ ਬਿਹਤਰ ਸਿੱਖਣ ਅਤੇ ਪ੍ਰਦਰਸ਼ਨ ਕਰਨ ਦੀ ਲੋੜ ਹੈ 6। ਤੁਸੀਂ ਆਪਣੀ ਆਮਦਨ ਵਧਾਉਣ ਦੇ ਯੋਗ ਹੋਵੋਗੇ: ਇਹ ਇੰਨਾ ਸਪੱਸ਼ਟ ਹੈ ਕਿ ਜਦੋਂ ਤੁਸੀਂ ਨਵੇਂ ਹੁਨਰਾਂ ਨੂੰ ਵਧਾਉਂਦੇ ਹੋ, ਤਾਂ ਤੁਸੀਂ ਆਪਣੀ ਆਮਦਨ ਅਤੇ ਕਮਾਈ ਵਿੱਚ ਵੀ ਸੁਧਾਰ ਕਰਨ ਦੇ ਯੋਗ ਹੋਵੋਗੇ। ਇਹ ਇੱਕ ਪਾਰਟ-ਟਾਈਮ ਕਾਰੋਬਾਰ, ਔਨਲਾਈਨ ਕਾਰੋਬਾਰ, ਜਾਂ ਔਫਲਾਈਨ ਕਾਰੋਬਾਰ ਹੋ ਸਕਦਾ ਹੈ। ਹੁਨਰ ਤੁਹਾਡੀ ਪੇਸ਼ੇਵਰ ਜ਼ਿੰਦਗੀ ਨੂੰ ਪੂਰਾ ਕਰਦਾ ਹੈ। ਇਹ ਤੁਹਾਡੀ ਬਿਹਤਰੀ ਲਈ ਕੰਮ ਕਰਦਾ ਹੈ। ਕੰਮ 'ਤੇ ਨਵੇਂ ਹੁਨਰ ਸਿੱਖਣ ਦੇ ਇਹ ਫਾਇਦੇ ਹਨ। ਇਸ ਤੋਂ ਇਲਾਵਾ, ਪੇਸ਼ੇਵਰ ਜੀਵਨ ਦੀ ਸਫਲਤਾ ਨਵੇਂ ਹੁਨਰ ਸਿੱਖਣ 'ਤੇ ਵੀ ਨਿਰਭਰ ਕਰਦੀ ਹੈ। ਲੋਕ ਤੁਹਾਡੇ ਵਿਚਾਰਾਂ ਨੂੰ ਵਧੇਰੇ ਚਿੰਤਾ ਨਾਲ ਸੁਣਨਗੇ, ਅਤੇ ਇਸਦੇ ਨਾਲ, ਤੁਸੀਂ ਆਪਣੇ ਕਨੈਕਸ਼ਨਾਂ ਨੂੰ ਵਧਾਉਣ ਦੇ ਯੋਗ ਹੋਵੋਗੇ। ਨਵੇਂ ਹੁਨਰ ਸਿੱਖਣ ਦਾ ਮਤਲਬ ਹੈ ਕਿ ਤੁਸੀਂ ਵਧੇਰੇ ਕੰਮ ਕਰ ਸਕਦੇ ਹੋ ਜਾਂ ਬਹੁਤ ਸਾਰੇ ਕੰਮਾਂ ਵਿੱਚ ਨਿਵੇਸ਼ ਕਰ ਸਕਦੇ ਹੋ। ਇਸ ਤੋਂ ਬਾਅਦ ਇਹ ਤੁਹਾਨੂੰ ਤੁਹਾਡੇ ਨਾਲੋਂ ਵੱਧ ਕਮਾਈ ਕਰਨ ਵਿੱਚ ਲਾਭ ਦਿੰਦਾ ਹੈ। ਇਹ ਤੁਹਾਡੇ ਕੰਮ ਵਾਲੀ ਥਾਂ 'ਤੇ ਤੁਹਾਡੀ ਆਮਦਨ ਵਿੱਚ ਮਦਦ ਕਰਦਾ ਹੈ। ਨਵੇਂ ਹੁਨਰ ਸਿੱਖਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਹਰ ਦੂਜੇ ਦਿਨ, ਇਹ ਸੰਸਾਰ ਵਧ ਰਿਹਾ ਹੈ ਅਤੇ ਤਰੱਕੀ ਕਰ ਰਿਹਾ ਹੈ। ਇਸ ਤੋਂ ਬਾਅਦ, ਜਿਉਣ, ਮੁਕਾਬਲਾ ਕਰਨ, ਨਵੀਨਤਾ ਕਰਨ ਲਈ, ਤੁਹਾਨੂੰ ਨਵੇਂ ਹੁਨਰ ਵੀ ਸਿੱਖਣ ਦੀ ਲੋੜ ਹੈ। ਜਿਵੇਂ ਕਿ ਕਈ ਵਾਰ, ਤੁਹਾਡੇ ਪੁਰਾਣੇ ਹੁਨਰ ਮਦਦ ਨਹੀਂ ਕਰਨਗੇ, ਅਤੇ ਉਸ ਸਮੇਂ, ਤੁਹਾਨੂੰ ਕੁਝ ਉੱਨਤ ਹੁਨਰ ਹਾਸਲ ਕਰਨ ਦੀ ਲੋੜ ਹੈ। ਹੁਨਰ ਪ੍ਰਾਪਤੀ ਦੇ ਕੀ ਫਾਇਦੇ ਹਨ? ਇੱਕ ਛੋਟੇ-ਸੰਗਠਨ ਧਾਰਕ ਹੋਣ ਦੇ ਨਾਤੇ, ਤੁਸੀਂ ਬਹੁਤ ਸਾਰੇ ਪੇਸ਼ੇਵਰ ਲੋਕਾਂ ਨੂੰ ਨੌਕਰੀ 'ਤੇ ਲੈ ਸਕਦੇ ਹੋ ਜੋ ਤੁਹਾਡੀ ਪ੍ਰਾਪਤੀ ਦੇ ਸੈੱਟ ਤੋਂ ਬਾਹਰ ਹਨ। ਹਾਲਾਂਕਿ, ਤੁਹਾਨੂੰ ਲਗਾਤਾਰ ਹੁਨਰਾਂ ਨੂੰ ਹਾਸਲ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ ਜੋ ਤੁਹਾਨੂੰ ਇੱਕ ਸਰਗਰਮ ਮਾਸਟਰ ਅਤੇ ਇੱਕ ਪ੍ਰਭਾਵਸ਼ਾਲੀ ਕਾਰੋਬਾਰੀ ਬਣਾਉਣਗੇ। ਹੋ ਸਕਦਾ ਹੈ ਕਿ ਤੁਸੀਂ ਕਿਸੇ ਉਤਪਾਦ ਜਾਂ ਸੇਵਾ ਨਾਲ ਸਬੰਧਤ ਤੁਹਾਡੀਆਂ ਖਾਸ ਪ੍ਰਾਪਤੀਆਂ ਅਤੇ ਗਿਆਨ ਦੇ ਕਾਰਨ ਆਪਣਾ ਕਾਰੋਬਾਰ ਸ਼ੁਰੂ ਕੀਤਾ ਹੋਵੇ। ਫਿਰ ਵੀ, ਤੁਹਾਨੂੰ ਹੌਸਲਾ ਦੇਣਾ ਪਵੇਗਾਇੱਕ ਸਫਲ ਪ੍ਰਸ਼ਾਸਕ ਬਣਨ ਦੇ ਹੁਨਰ ਅਤੇ ਰਹਿਣ ਦੀ ਸ਼ਕਤੀ ਹੈ। ਹੁਨਰ ਪ੍ਰਾਪਤੀ ਦੇ ਹੇਠਾਂ ਦਿੱਤੇ ਫਾਇਦੇ ਹਨ: ਪੂੰਜੀ ਵਧਾਉਣਾ: ਤੁਹਾਡੇ ਲਈ ਪੈਸਾ ਵਧਾਉਣ ਵਿੱਚ ਹੁਨਰਮੰਦ ਬਣਨਾ ਬੁੱਧੀਮਤਾ ਨਾਲ ਜ਼ਰੂਰੀ ਹੈ। ਤੁਹਾਨੂੰ ਅਕਸਰ ਅਸਥਾਈ ਤੌਰ 'ਤੇ ਇੱਕ ਇਨਕਾਰ ਨਕਦ ਪ੍ਰਵਾਹ ਨੂੰ ਕਵਰ ਕਰਨਾ ਚਾਹੀਦਾ ਹੈ, ਅਤੇ ਤੁਹਾਨੂੰ ਐਕਸਟੈਂਸ਼ਨ ਅਤੇ ਨਵੇਂ ਪ੍ਰੋਗਰਾਮਾਂ ਲਈ ਪੈਸੇ ਦੀ ਲੋੜ ਹੋਵੇਗੀ। ਤੁਹਾਡੇ ਕਾਰੋਬਾਰ ਲਈ ਪੈਸਾ ਪ੍ਰਾਪਤ ਕਰਨ ਨਾਲ ਸਬੰਧਤ ਆਪਣੇ ਹੁਨਰ ਨੂੰ ਸੁਧਾਰਨ ਦਾ ਮਤਲਬ ਤੁਹਾਡੇ ਸੌਦੇ ਦੀ ਸਫਲਤਾ ਅਤੇ ਅਸਫਲਤਾ ਵਿਚਕਾਰ ਅਸਮਾਨਤਾ ਹੋ ਸਕਦਾ ਹੈ। ਰਣਨੀਤਕ ਯੋਜਨਾਬੰਦੀ: ਕਿਸੇ ਕਾਰੋਬਾਰ ਨੂੰ ਦੇਖਣ ਵਿਚ ਚੰਗਾ ਹੋਣਾ ਕੁਦਰਤੀ ਤੌਰ 'ਤੇ ਤੁਹਾਨੂੰ ਉਭਾਰ ਲਈ ਸਹਿਯੋਗ ਕਰਨ ਵਿਚ ਚੰਗਾ ਨਹੀਂ ਬਣਾਉਂਦਾ। ਤੁਹਾਨੂੰ ਯੋਜਨਾਬੰਦੀ ਦੇ ਹੁਨਰ ਹਾਸਲ ਕਰਨੇ ਚਾਹੀਦੇ ਹਨ ਜੋ ਤੁਹਾਡੇ ਦ੍ਰਿਸ਼ਟੀਕੋਣ ਨੂੰ ਤਰਕਸ਼ੀਲ ਕਦਮਾਂ ਨਾਲ ਜੋੜਦੇ ਹਨ ਜੋ ਤੁਹਾਡਾ ਕਾਰੋਬਾਰ ਉਸ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਲੈ ਸਕਦਾ ਹੈ। ਇਸ ਹੁਨਰ ਨੂੰ ਸ਼ਾਮਲ ਕਰਨਾ ਮਹੱਤਵਪੂਰਨ ਹੈ ਕਿਉਂਕਿ ਤੁਹਾਡੀ ਸੰਸਥਾ ਦੇ ਬਿਨਾਂ ਦੌੜ ਵਿੱਚ ਹਾਰ ਹੋ ਸਕਦੀ ਹੈ ਅਤੇ ਹਾਰ ਸਕਦੀ ਹੈ। ਸੰਕਟ ਪ੍ਰਬੰਧਨ: ਜਦੋਂ ਤੁਸੀਂ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ ਤਾਂ ਤੁਸੀਂ ਸਿਖਰ 'ਤੇ ਇੱਕ ਨਿਰਵਿਘਨ ਸਵਾਰੀ ਦੀ ਉਮੀਦ ਕੀਤੀ ਹੋ ਸਕਦੀ ਹੈ, ਪਰ ਸੱਚਾਈ ਇਹ ਹੈ ਕਿ ਤੁਸੀਂ ਕਮੀ ਦੀਆਂ ਸਥਿਤੀਆਂ ਦਾ ਅਨੁਭਵ ਕਰੋਗੇ। ਭਾਵੇਂ ਇਹ ਪੈਸੇ ਦੀ ਕਮੀ ਹੈ ਜਾਂ ਅੱਗ ਨਾਲ ਤੁਹਾਡੇ ਲਾਭ ਦਾ ਨੁਕਸਾਨ, ਤੁਹਾਡੇ ਕੋਲ ਸਮੱਸਿਆਵਾਂ ਦੇ ਸਮੇਂ ਧੀਰਜ ਰੱਖਣ ਅਤੇ ਸਰਗਰਮ ਸਮਝੌਤਾ ਕਰਨ ਦੀ ਆਪਣੀ ਯੋਗਤਾ ਨੂੰ ਕਾਇਮ ਰੱਖਣ ਲਈ ਹੁਨਰ ਹੋਣਾ ਚਾਹੀਦਾ ਹੈ। ਇਹ ਮਹੱਤਵਪੂਰਨ ਹੈ ਕਿਉਂਕਿ ਤੁਸੀਂ ਅਨੰਦ ਲੈਣਾ ਸਿੱਖ ਸਕਦੇ ਹੋ ਜਦੋਂ ਅਜਿਹਾ ਲਗਦਾ ਹੈ ਕਿ ਤੁਹਾਨੂੰ ਜਿੱਤਿਆ ਜਾ ਸਕਦਾ ਹੈ। ਫੈਸਲਾ ਲੈਣਾ: ਤੁਸੀਂ ਦੇਖੋਗੇ ਕਿ ਤੁਹਾਡੇ ਕੋਲ ਅਕਸਰ ਉਹ ਸਾਰੀ ਸਲਾਹ ਨਹੀਂ ਹੁੰਦੀ ਜੋ ਤੁਸੀਂ ਸਮਝੌਤੇ ਕਰਨ ਲਈ ਚਾਹੁੰਦੇ ਹੋ। ਨਿਰਣਾਇਕ ਹੋਣ ਦੇ ਹੁਨਰ ਨੂੰ ਪ੍ਰਾਪਤ ਕਰਨਾ ਮਹੱਤਵਪੂਰਨ ਹੈ ਭਾਵੇਂ ਤੁਸੀਂ ਜੋਖਮ ਲੈ ਰਹੇ ਹੋਵੋ, ਤੁਸੀਂ ਪੂਰੀ ਤਰ੍ਹਾਂ ਮੁਲਾਂਕਣ ਨਹੀਂ ਕਰ ਸਕਦੇ। ਕਈ ਵਾਰ ਕੋਈ ਵੀ ਫੈਸਲਾ ਲੈਣਾ ਕੋਈ ਫੈਸਲਾ ਨਾ ਕਰਨ ਨਾਲੋਂ ਬਿਹਤਰ ਹੁੰਦਾ ਹੈ। ਤੁਸੀਂ ਅਨਿਸ਼ਚਿਤ ਸਥਿਤੀਆਂ ਵਿੱਚ ਫੈਸਲੇ ਲੈਣ ਦੇ ਹੁਨਰ ਨੂੰ ਸਮਝਣਾ ਸਿੱਖ ਸਕਦੇ ਹੋ ਅਤੇ ਅਗਵਾਈ ਕਰਨ ਦੀ ਤੁਹਾਡੀ ਯੋਗਤਾ ਵਿੱਚ ਬਹੁਤ ਸੁਧਾਰ ਕਰ ਸਕਦੇ ਹੋ। ਸੰਚਾਰ: ਮਜ਼ਬੂਤ ਸੰਚਾਰ ਹੁਨਰਾਂ ਨੂੰ ਅਪਣਾਉਣ ਦੀ ਮਹੱਤਤਾ ਤੁਹਾਡੀਆਂ ਸਾਰੀਆਂ ਅਭਿਲਾਸ਼ੀ ਗਤੀਵਿਧੀਆਂ ਵਿੱਚ ਸਪੱਸ਼ਟ ਹੋਵੇਗੀ। ਨੈੱਟਵਰਕਿੰਗ ਤੋਂ ਲੈ ਕੇ ਪ੍ਰਭਾਵੀ ਤੱਕ, ਤੁਹਾਨੂੰ ਇਕ-ਸੁਰਤਾ ਬਣਾਉਣ ਅਤੇ ਇਕਸੁਰਤਾ ਨੂੰ ਪ੍ਰੇਰਿਤ ਕਰਨ ਲਈ ਆਪਣੇ ਸੰਚਾਰ ਹੁਨਰਾਂ ਨੂੰ ਲਗਾਤਾਰ ਨਵਿਆਉਣ ਦੀ ਲੋੜ ਹੈ। ਆਪਣੇ ਲਿਖਤੀ, ਅਣ-ਲਿਖਤ, ਅਤੇ ਗੈਰ-ਮੌਖਿਕ ਸੰਚਾਰ ਹੁਨਰਾਂ ਵਿੱਚ ਲਗਾਤਾਰ ਸੁਧਾਰ ਕਰੋ ਤਾਂ ਜੋ ਤੁਸੀਂ ਆਪਣੇ ਕਰਮਚਾਰੀਆਂ ਦੀ ਢੁਕਵੀਂ ਅਗਵਾਈ ਕਰ ਸਕੋ ਅਤੇ ਵਪਾਰਕ ਸੰਘ ਵਿੱਚ ਸਮਰਥਨ ਇਕੱਠਾ ਕਰ ਸਕੋ। ਹੁਨਰ ਤੁਹਾਡੇ ਕਰੀਅਰ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਹੈ। ਇਹ ਕੁਝ ਵਧੀਆ ਕਰਨ ਦੀ ਯੋਗਤਾ ਹੈ। ਇੱਕ ਚੰਗੀ ਤਰ੍ਹਾਂ ਵਿਕਸਤ ਹੁਨਰ ਸਾਨੂੰ ਕਿਸੇ ਖਾਸ ਖੇਤਰ ਵਿੱਚ ਮਾਹਰ ਬਣਾ ਸਕਦਾ ਹੈ, ਅਤੇ ਇਹ ਵੀ ਸਿੱਖਿਆ ਜਾ ਸਕਦਾ ਹੈ। ਕੋਈ ਵੀ ਵਿਵਹਾਰ ਜੋ ਤੁਹਾਨੂੰ ਝੁਕਾਅ ਦੀ ਭਾਵਨਾ ਦਿੰਦਾ ਹੈ ਤੁਹਾਡੇ ਕੈਰੀਅਰ ਲਈ ਫਲਦਾਇਕ ਹੈ। ਆਪਣੇ ਕਰੀਅਰ ਵਿੱਚ, ਤੁਹਾਨੂੰ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਿਵੇਸ਼ ਕਰਨ ਦੀ ਜ਼ਰੂਰਤ ਹੈ ਭਾਵੇਂ ਇਹ ਨਵੇਂ ਹੁਨਰ ਸਿੱਖਣ ਦੁਆਰਾ ਹੋਵੇ। ਹੁਨਰ ਤੁਹਾਨੂੰ ਕੋਈ ਵੀ ਕੰਮ ਕਰਨ ਵਿੱਚ ਆਤਮ-ਵਿਸ਼ਵਾਸ ਪ੍ਰਦਾਨ ਕਰਦਾ ਹੈ। ਇਹ ਤੁਹਾਨੂੰ ਪ੍ਰਾਪਤੀ ਦੀ ਭਾਵਨਾ ਦਿੰਦਾ ਹੈ ਅਤੇ ਤੁਹਾਡੀ ਕੀਮਤ ਬਾਰੇ ਬਹੁਤ ਕੁਝ ਦੱਸਦਾ ਹੈ। ਨਵੇਂ ਹੁਨਰ ਸਿੱਖਣ ਨਾਲ ਕਰੀਅਰ, ਕਾਰੋਬਾਰ, ਕੰਮ-ਸਥਾਨ ਆਦਿ ਵਿੱਚ ਮਦਦ ਮਿਲਦੀ ਹੈ। ਤੁਸੀਂ ਕੋਈ ਵੀ ਹੁਨਰ ਸਿੱਖ ਸਕਦੇ ਹੋ ਅਤੇ ਉਸ ਕਿਸਮ ਦੇ ਕੰਮ ਦੀ ਖੋਜ ਕਰ ਸਕਦੇ ਹੋ। ਸਿੱਟਾ: ਨਵੇਂ ਹੁਨਰ ਸਿੱਖਣ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਸਾਡੀ ਕੰਮ ਕਰਨ ਦੀ ਯੋਗਤਾ ਨੂੰ ਵਧਾਉਂਦਾ ਹੈ। ਇਹ ਨਾ ਸਿਰਫ਼ ਸਾਨੂੰ ਨਵੇਂ ਤਜ਼ਰਬਿਆਂ ਨੂੰ ਇਕੱਠਾ ਕਰਨ ਵਿੱਚ ਮਦਦ ਕਰਦਾ ਹੈ, ਸਗੋਂ ਇਹ ਸਾਨੂੰ ਆਤਮਵਿਸ਼ਵਾਸ ਵੀ ਬਣਾਉਂਦਾ ਹੈ। ਇਹ ਤੁਹਾਨੂੰ ਨਵੇਂ ਅਤੇ ਵੱਖਰੇ ਮੌਕਿਆਂ ਤੱਕ ਪਹੁੰਚ ਵੀ ਦਿੰਦਾ ਹੈ। ਤੁਸੀਂ ਆਪਣੇ ਆਪ ਨੂੰ ਵਿਕਸਤ ਕਰ ਸਕਦੇ ਹੋ, ਅਤੇ ਇਹ ਵਿਕਾਸ ਹੈ। ਕੰਮ 'ਤੇ ਨਵੇਂ ਹੁਨਰ ਸਿੱਖਣ ਦੇ ਇਹ ਫਾਇਦੇ ਹਨ। ਇਸ ਤੋਂ ਇਲਾਵਾ, ਪੇਸ਼ੇਵਰ ਜੀਵਨ ਦੀ ਸਫਲਤਾ ਨਵੇਂ ਹੁਨਰ ਸਿੱਖਣ 'ਤੇ ਵੀ ਨਿਰਭਰ ਕਰਦੀ ਹੈ। ਲੋਕ ਤੁਹਾਡੇ ਵਿਚਾਰਾਂ ਨੂੰ ਵਧੇਰੇ ਚਿੰਤਾ ਨਾਲ ਸੁਣਨਗੇ, ਅਤੇ ਇਸਦੇ ਨਾਲ, ਤੁਸੀਂ ਆਪਣੇ ਕਨੈਕਸ਼ਨਾਂ ਨੂੰ ਵਧਾਉਣ ਦੇ ਯੋਗ ਹੋਵੋਗੇ।






The Mortgage Centre Lic # 11504
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

# ਨਵੇਂ ਡੈਂਟਲ ਕੇਅਰ ਪਲੈਨ ਤੋਂ ਵਾਂਝੇ ਰਹਿ ਜਾਣਗੇ 4·4 ਮਿਲੀਅਨ ਕੈਨੇਡੀਅਨਜ਼

ਓਟਵਾ, 21 ਜਨਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਦਾ ਨੈਸ਼ਨਲ ਡੈਂਟਲ ਇੰਸ਼ੋਰੈਂਸ ਪ੍ਰੋਗਰਾਮ ਸ਼ੁਰੂ ਹੋ ਚੁੱਕਿਆ ਹੈ ਪਰ ਕੈਨੇਡੀਅਨ ਸੈਂਟਰ ਫੌਰ ਪਾਲਿਸੀ ਆਲਟਰਨੇਟਿਵਜ਼ (ਸੀਸੀਪੀਏ) ਵੱਲੋਂ ਪੇਸ਼ ਕੀਤੀ ਗਈ ਨਵੀਂ ਰਿਪੋਰਟ ਵਿੱਚ ਇਹ ਆਖਿਆ ਗਿਆ ਹੈ ਕਿ ਇਸ ਪਲੈਨ ਤੋਂ ਕਈ ਕੈਨੇਡੀਅਨਜ਼ ਬਾਹਰ ਰਹਿ ਗਏ ਹਨ ਤੇ ਇਸ ਲਈ ਫੰਡਿੰਗ ਦੇ ਰੂਪ ਵਿੱਚ 1·45 ਬਿਲੀਅਨ ਡਾਲਰ ਹੋਰ ਚਾਹੀਦੇ ਹੋਣਗੇ।



ਕੈਨੇਡੀਅਨ ਡੈਂਟਲ ਕੇਅਰ ਪਲੈਨ ਲਈ ਕੁਆਲੀਫਾਈ ਕਰਨ ਵਾਸਤੇ ਬਿਨੈਕਾਰਾਂ ਦੀ ਸਾਲਾਨਾ ਆਮਦਨ 90,000 ਡਾਲਰ ਤੋਂ ਘੱਟ ਹੋਣੀ ਚਾਹੀਦੀ ਹੈ ਤੇ ਉਨ੍ਹਾਂ ਦੀ ਕੋਈ ਡੈਂਟਲ ਕਵਰੇਜ ਵੀ ਨਹੀਂ ਹੋਣੀ ਚਾਹੀਦੀ। ਪਰ ਮੰਗਲਵਾਰ ਨੂੰ ਜਾਰੀ ਕੀਤੀ ਗਈ ਆਪਣੀ ਰਿਪੋਰਟ ਵਿੱਚ ਸੀਸੀਪੀਏ ਨੇ ਆਖਿਆ ਕਿ ਇਹ ਆਮਦਨ ਸਬੰਧੀ ਮਾਪਦੰਡ ਕਾਫੀ ਸੀਮਤ ਹਨ। ਸੀਸੀਪੀਏ ਦੇ ਸੀਨੀਅਰ ਇਕਨੌਮਿਸਟ ਡੇਵਿਡ ਮੈਕਡੌਨਲਡ ਨੇ ਆਖਿਆ ਕਿ ਕੈਨੇਡਾ ਵਿੱਚ ਬੱਚਿਆਂ ਵਾਲੇ 59 ਫੀ ਸਦੀ ਪਰਿਵਾਰ 90,000 ਡਾਲਰ ਤੋਂ ਵੱਧ ਕਮਾਉਂਦੇ ਹਨ। ਪਰ ਇਸ ਤੋਂ ਵੱਧ ਆਮਦਨ ਵਾਲੇ ਪਰਿਵਾਰ ਫੈਡਰਲ ਡੈਂਟਲ ਕੇਅਰ ਕਵਰੇਜ ਤੋਂ ਵਾਂਝੇ ਰਹਿ ਜਾਣਗੇ।

ਕੈਨੇਡੀਅਨ ਡੈਂਟਲ ਕੇਅਰ ਪਲੈਨ ਸ਼ੁਰੂ ਕਰਨ ਤੋਂ ਪਹਿਲਾਂ ਫੈਡਰਲ ਸਰਕਾਰ ਨੇ ਦਸੰਬਰ 2022 ਵਿੱਚ ਕੈਨੇਡਾ ਡੈਂਟਲ ਬੈਨੇਫਿਟ ਦੀ ਪੇਸ਼ਕਸ਼ ਕਰਨੀ ਸ਼ੁਰੂ ਕੀਤੀ ਸੀ ਜਿਸ ਤਹਿਤ 90,000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ 260 ਡਾਲਰ ਤੋਂ 650 ਡਾਲਰ ਤੱਕ ਦਾ ਦੰਦਾਂ ਦੇ ਇਲਾਜ ਦਾ ਖਰਚਾ ਦਿੱਤੇ ਜਾਣ ਦਾ ਪ੍ਰਬੰਧ ਸੀ। ਪਰ ਸੀਸੀਪੀਏ ਦਾ ਕਹਿਣਾ ਹੈ ਕਿ ਇਸ ਨਾਲ 12 ਸਾਲ ਤੋਂ ਘੱਟ ਉਮਰ ਦੇ 425,749 ਜਾਂ 35 ਫੀ ਸਦੀ ਬੱਚੇ ਇਸ ਸਹੂਲਤ ਤੋਂ ਸਿਰਫ ਇਸ ਲਈ ਵਾਂਝੇ ਰਹਿ ਜਾਣਗੇ ਕਿਉਂਕਿ ਉਨ੍ਹਾਂ ਦੇ ਪਰਿਵਾਰ ਦੀ ਆਮਦਨ ਜ਼ਿਆਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੈਨੇਡਾ ਡੈਂਟਲ ਬੈਨੇਫਿਟ ਪ੍ਰੋਗਰਾਮ ਨੂੰ ਪੜਾਅਵਾਰ ਸ਼ੁਰੂ ਕੀਤਾ ਗਿਆ ਹੈ। ਸੱਭ ਤੋਂ ਪਹਿਲਾਂ ਬਜ਼ੁਰਗ ਇਸ ਪ੍ਰੋਗਰਾਮ ਦੇ ਯੋਗ ਹੋਣਗੇ ਤੇ ਉਨ੍ਹਾਂ ਲਈ ਦਸੰਬਰ 2023 ਤੋਂ ਮਈ 2024 ਤੱਕ ਇਹ ਪ੍ਰੋਗਰਾਮ ਚਲਾਇਆ ਜਾਵੇਗਾ। ਜਾਇਜ਼ ਡਿਸਐਬਿਲਿਟੀ ਟੈਕਸ ਕ੍ਰੈਡਿਟ ਸਰਟੀਫਿਕੇਟ ਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਇਸ ਸਾਲ ਜੂਨ ਤੋਂ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਣਗੇ ਤੇ ਬਾਕੀ ਸਾਰੇ ਯੋਗ ਕੈਨੇਡੀਅਨ 2025 ਵਿੱਚ ਇਸ ਪ੍ਰੋਗਰਾਮ ਨਾਲ ਜੁੜ ਸਕਣਗੇ।

## ਈਡੀ ਨੇ ਰਿਲਾਇੰਸ ਜਨਰਲ ਇੰਸ਼ੋਰੈਂਸ ’ਤੇ ਕੀਤੀ ਸਖ਼ਤ ਕਾਰਵਾਈ, ਬੀਮਾ ਘੁਟਾਲੇ ’ਚ 36 ਕਰੋੜ ਦੀ ਜਾਇਦਾਦ ਕੁਰਕ

ਸ਼੍ਰੀਨਗਰ, 21 ਜਨਵਰੀ (ਪੋਸਟ ਬਿਊਰੋ): ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਰਿਲਾਇੰਸ ਜਨਰਲ ਇੰਸ਼ੋਰੈਂਸ ਪ੍ਰਾਈਵੇਟ ਲਿਮਿਟੇਡ ਅਤੇ ਟ੍ਰਿਨਿਟੀ ਰੀਇੰਸ਼ੋਰੈਂਸ ਬ੍ਰੋਕਰਜ਼ ਪ੍ਰਾ। ਲਿਮਿਟੇਡ 36157 ਕਰੋੜ ਰੁਪਏ ਦੀ ਫਿਕਸਡ ਡਿਪਾਜ਼ਿਟ ਅਤੇ ਜ਼ਮੀਨ ਕੁਰਕ ਹੈ। ਈਡੀ ਨੇ ਵੀਰਵਾਰ ਨੂੰ ਕਿਹਾ ਕਿ ਇਹ ਕਾਰਵਾਈ ਜੰਮੂ-ਕਸ਼ਮੀਰ ਵਿੱਚ ਬੀਮਾ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਦੀ ਜਾਂਚ ਦੇ ਹਿੱਸੇ ਵਜੋਂ ਕੀਤੀ ਗਈ ਹੈ। ਇਹ ਜਾਂਚ ਜੰਮੂ-ਕਸ਼ਮੀਰ ਦੇ ਵਿੱਤ ਵਿਭਾਗ ਦੇ ਟ੍ਰਿਨਿਟੀ ਰੀਇੰਸ਼ੋਰੈਂਸ ਬ੍ਰੋਕਰਜ਼ ਲਿਮਿਟੇਡ ਦੁਆਰਾ ਕਰਵਾਈ ਗਈ ਸੀ। ਸਰਕਾਰੀ ਕਰਮਚਾਰੀਆਂ, ਪੀਐਸਯੂ ਕਰਮਚਾਰੀਆਂ, ਪੈਨਸ਼ਨਰਾਂ ਅਤੇ ਰਿਲਾਇੰਸ ਜਨਰਲ ਇੰਸ਼ੋਰੈਂਸ ਪ੍ਰਾਈਵੇਟ ਲਿਮਿਟਡ ਲਈ ਮੈਡੀਕਲੇਮ ਬੀਮਾ ਪਾਲਿਸੀ ਲਈ ਧੋਖੇ ਨਾਲ ਟੈਂਡਰ ਲਿਮਿਟੇਡ ਨੂੰ ਦੇਣ ਨਾਲ ਸਬੰਧਤ ਹੈ। ਈਡੀ ਦਾ ਮਨੀ ਲਾਂਡਰਿੰਗ ਕੇਸ ਸੀਬੀਆਈ ਦੀ ਐਫਆਈਆਰ 'ਤੇ ਆਧਾਰਿਤ ਹੈ।




ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਦੇ ਇਸ ਦਾਅਵੇ ਤੋਂ ਬਾਅਦ ਐਫਆਈਆਰ ਦਰਜ ਕੀਤੀ ਗਈ ਸੀ ਕਿ ਉਨ੍ਹਾਂ ਨੂੰ ਸਰਕਾਰੀ ਕਰਮਚਾਰੀਆਂ ਲਈ ਸਮੂਹ ਮੈਡੀਕਲ ਬੀਮਾ ਯੋਜਨਾ ਦੇ ਠੇਕੇ ਦੇਣ ਸਮੇਤ ਫਾਈਲਾਂ ਨੂੰ ਕਲੀਅਰ ਕਰਨ ਲਈ 300 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਗਈ ਸੀ। ਮਲਿਕ ਤੋਂ ਪਿਛਲੇ ਸਾਲ ਸੀਬੀਆਈ ਨੇ ਪੁੱਛਗਿੱਛ ਕੀਤੀ ਸੀ। ਈਡੀ ਨੇ ਰਿਲਾਇੰਸ ਜਨਰਲ ਇੰਸ਼ੋਰੈਂਸ ਐਂਡ ਗਲੋਬਸ ਟਰੇਡ ਲਿੰਕਸ ਪ੍ਰਾਈਵੇਟ ਲਿਮਟਿਡ, ਟ੍ਰਿਨਿਟੀ ਰੀਇੰਸੋਰੈਂਸ ਬ੍ਰੋਕਰਜ਼ ਦੀ ਸਹਾਇਕ ਕੰਪਨੀ ਦੇ 32.53 ਕਰੋੜ ਰੁਪਏ ਦੇ ਫਿਕਸਡ ਡਿਪਾਜ਼ਿਟ ਜ਼ਬਤ ਕੀਤੇ ਹਨ। ਲਿਮਿਟੇਡ 4.04 ਕਰੋੜ ਰੁਪਏ ਦੀ ਜ਼ਮੀਨ ਕੁਰਕ ਕੀਤੀ ਗਈ ਹੈ। ਅਟੈਚ ਕੀਤੀ ਗਈ ਜਾਇਦਾਦ ਦੀ ਕੁੱਲ ਕੀਮਤ 36.57 ਕਰੋੜ ਰੁਪਏ ਹੈ।

## ਡੀਐਮਕੇ ਦੇ ਨੇਤਾ ਦੇ ਬੇਟੇ 'ਤੇ ਦੁਰਵਿਵਹਾਰ ਦਾ ਦੋਸ਼

ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ): ਪੁਲਿਸ ਨੇ ਚੇਨੱਈ ਵਿੱਚ ਡੀਐਮਕੇ ਨੇਤਾ ਅਤੇ ਵਿਧਾਇਕ ਆਈ ਕਰੁਣਾਨਿਧੀ ਦੇ ਪੁੱਤਰ ਅਤੇ ਨੂੰਹ ਦੇ ਖਿਲਾਫ ਦੁਰਵਿਵਹਾਰ ਦਾ ਮਾਮਲਾ ਦਰਜ ਕੀਤਾ ਹੈ। ਕਰਣਨਿਧੀ ਦੇ ਬੇਟੇ ਅਤੇ ਨੂੰਹ 'ਤੇ ਉਨ੍ਹਾਂ ਦੇ ਘਰ ਕੰਮ ਕਰਨ ਵਾਲੀ 18 ਸਾਲਾ ਲੜਕੀ ਨਾਲ ਕਥਿਤ ਤੌਰ 'ਤੇ ਦੁਰਵਿਵਹਾਰ ਕਰਨ ਦਾ ਦੋਸ਼ ਹੈ।

ਚੇਨੱਈ ਪੁਲਿਸ ਨੇ ਮਾਮਲਾ ਦਰਜ ਕਰਨ ਦੀ ਜਾਣਕਾਰੀ ਦਿੱਤੀ। ਹਾਲਾਂਕਿ, ਪੁਲਿਸ ਅਧਿਕਾਰੀ ਨੇ ਇਸ ਮਾਮਲੇ ਵਿੱਚ ਵਧੇਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਅਜੇ ਤੱਕ ਲੜਕੀ ਨੂੰ ਨਹੀਂ ਮਿਲੇ ਹਨ। ਪੁਲਿਸ ਅਧਿਕਾਰੀ ਨੇ ਕਿਹਾ, "ਅਸੀਂ ਲੜਕੀ ਨੂੰ ਨਹੀਂ ਮਿਲ ਸਕੇ, ਉਹ ਫਰਾਰ ਹੈ, ਸਾਨੂੰ ਨਹੀਂ ਪਤਾ ਕਿਉਂ, ਪਰ ਇਹ ਜਲਦੀ ਹੀ ਸਪੱਸ਼ਟ ਹੋ ਜਾਵੇਗਾ।"

LOCAL & LONG DISTANCE MOVING

H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES

